# ਅਧਿਆਇ 8

# ਅਜ਼ਰਾ ਗ੍ਰੰਥੀ: ਉਸਦਾ ਸਫ਼ਰ

## (ਭਾਗ 2)

ਅਧਿਆਇ 7 ਦੇ ਅਖ਼ੀਰ ਵਿਚ ਸ਼ੁਰੂ ਹੋਈ ਯਰੂਸ਼ਲਮ ਨੂੰ ਅਜ਼ਰਾ ਦੀ ਵਾਪਸੀ ਦੀ ਕਹਾਣੀ ਅਧਿਆਇ 8 ਵਿਚ ਅਖ਼ੀਰ ਤਕ ਜਾਰੀ ਰਹਿੰਦੀ ਹੈ। ਜਿਵੇਂ ਪਹਿਲਾਂ ਕਿਹਾ ਗਿਆ ਸੀ, ਇਸ ਅਧਿਆਇ ਦਾ ਜ਼ਿਆਦਾਤਰ ਹਿੱਸਾ ਉੱਤਮ ਪੁਰਖ ਦੇ ਵਿਰਤਾਂਤ ਵਿਚ ਹੈ ਜਿਸ ਨੂੰ ਕਿਤੇ–ਕਿਤੇ ‘‘ਅਜ਼ਰਾ ਦੀ ਆਪਬੀਤੀ’’ ਕਿਹਾ ਗਿਆ ਹੈ (7:27–8:34; 9:1–15)।

ਲੇਖਕ ਨੇ ਇਹ ਵਾਧੂ ਜਾਣਕਾਰੀ ਕਿਉਂ ਦਿੱਤੀ? ਕਹਾਣੀ ਨੂੰ ਪੂਰਾ ਕਰਨ ਲਈ ਇਹ ਜ਼ਰੂਰੀ ਸੀ ਕਿਉਂਕਿ ਅਜ਼ਰਾ ਵਾਪਸ ਤਾਂ ਆ ਗਿਆ ਪਰ ਉਹ ਵਾਪਸ ਕਿਵੇਂ ਆਇਆ? ਰਾਜੇ ਨੇ ਉਸ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਅਤੇ ਉਸ ਦੇ ਕੰਮ ਵਿਚ ਮਦਦ ਲਈ ਸਾਧਨ ਮੁਹੱਈਆ ਕਰਵਾਏ, ਪਰ ਉਸ ਨੇ ਰਾਜੇ ਦੇ ਹੁਕਮ ਨੂੰ ਕਿਵੇਂ ਅੰਜਾਮ ਦਿੱਤਾ? ਅਜ਼ਰਾ 8 ਦੀ ਜਾਣਕਾਰੀ ਭਾਵ ‘‘ਅਜ਼ਰਾ ਦੀ ਆਪਬੀਤੀ’’ ਦੀ ਜਾਣਕਾਰੀ ਤੋਂ ਬਗ਼ੈਰ ਅਸੀਂ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਦੇ ਪਾਵਾਂਗੇ। ਅਧਿਆਇ 8 ਵਿਚ ਮਹੱਤਵਪੂਰਣ ਵੇਰਵੇ ਹਨ ਜਿਹੜੇ ਪਾਠਕ ਨੂੰ ਅਜ਼ਰਾ ਦੇ ਯਰੂਸ਼ਲਮ ਵਿਚ ਜਾਣ, ਉੱਥੇ ਪਹੁੰਚਣ, ਸਮਝਣ ਅਤੇ ਉਸ ਦੀ ਸ਼ਲਾਘਾ ਕਰਨ ਵਿਚ ਮਦਦ ਕਰਦੇ ਹਨ।

### ਉਹਦੇ ਨਾਲ ਗਏ ਲੋਕ (8:1-14)

**1ਅਰਤਹਸ਼ਸ਼ਤਾ ਪਾਤਸ਼ਾਹ ਦੇ ਰਾਜ ਵਿੱਚ ਜੋ ਲੋਕ ਮੇਰੇ ਨਾਲ ਬਾਬਲ ਤੋਂ ਨਿੱਕਲੇ ਉਨ੍ਹਾਂ ਦੇ ਪਿਉ
ਦਾਦਿਆਂ ਦੇ ਘਰਾਣਿਆਂ ਦੇ ਮੁਖੀਏ ਏਹ ਹਨ ਅਤੇ ਉਨ੍ਹਾਂ ਦੀ ਕੁਲ ਪੱਤ੍ਰੀ ਏਹ ਹੈ 2ਫੀਨਹਾਸ ਦੇ ਪੁੱਤ੍ਰਾਂ
ਵਿੱਚੋਂ, ਗੇਰਸ਼ੋਮ ਅਰ ਈਥਾਮਾਰ ਦੇ ਪੁਤ੍ਰਾਂ ਵਿੱਚੋਂ, ਬਿਵਸਥਾ ਸਾਰ ਅਰ ਦਾਊਦ ਦੇ ਪੁੱਤ੍ਰਾਂ ਵਿੱਚੋਂ,
ਹੱਟੂਸ਼ 3ਸ਼ਕਨਯਾਹ ਦੇ ਪੁੱਤ੍ਰਾਂ ਵਿੱਚੋਂ, ਫਰੋਸ਼ ਦੇ ਪੁੱਤ੍ਰਾਂ ਵਿੱਚੋਂ, ਜ਼ਕਰਯਾਹ ਅਰ ਉਹ ਦੇ ਨਾਲ ਦੇ ਇੱਕ
ਸੌ ਪੰਜਾਹ ਨਰ ਕੁਲਪੱਤ੍ਰੀ ਅਨੁਸਾਰ ਗਿਣੇ ਗਏ 4ਪਹਥ-ਮੋਆਬ ਦੇ ਪੁੱਤ੍ਰਾਂ ਵਿੱਚੋਂ, ਜ਼ਕਰਯਾਹ ਦਾ ਪੁੱਤਰ
ਅਲਯਹੋਏਨਈ ਅਰ ਉਹ ਦੇ ਨਾਲ ਦੌ ਸੌ ਨਰ 5ਸ਼ਕਨਯਾਹ ਦੇ ਪੁੱਤ੍ਰਾਂ ਵਿੱਚੋਂ, ਯਹਜ਼ੀਏਲ ਦਾ ਪੁੱਤਰ
ਅਰ ਉਹ ਦੇ ਨਾਲ ਤਿੰਨ ਸੌ ਨਰ 6ਆਦੀਨ ਦੇ ਪੁੱਤ੍ਰਾਂ ਵਿੱਚੋਂ, ਯੋਨਾਥਾਨ ਦਾ ਪੁੱਤਰ ਅਬਦ ਅਰ ਉਹ ਦੇ
ਨਾਲ ਪੰਜਾਹ ਨਰ 7ਏਲਾਮ ਦੇ ਪੁੱਤ੍ਰਾਂ ਵਿੱਚੋਂ. ਅਥਲਯਾਹ ਦਾ ਪੁੱਤਰ ਯਸ਼ਆਯਾਹ ਅਰ ਉਹ ਦੇ ਨਾਲ
ਸੱਤ੍ਰ ਨਰ 8ਸ਼ਫਟਯਾਹ ਦੇ ਪੁੱਤ੍ਰਾਂ ਵਿੱਚੋਂ ਮੀਕਾਏਲ ਦਾ ਪੁੱਤਰ ਜ਼ਬਦਯਾਹ ਅਰ ਉਹ ਦੇ ਨਾਲ ਅੱਸੀ ਨਰ
9ਯੋਆਬ ਦੇ ਪੁੱਤ੍ਰਾਂ ਵਿੱਚੋਂ ਯਹੀਏਲ ਦਾ ਪੁੱਤਰ ਓਬਦਯਾਹ ਅਰ ਉਹ ਦੇ ਨਾਲ ਦੋ ਸੌ ਅਠਾਰਾਂ ਨਰ
10ਸ਼ਲੋਮੀਥ ਦੇ ਪੁੱਤ੍ਰਾਂ ਵਿੱਚੋਂ, ਯਸਿਫਯਾਹ ਦਾ ਪੁੱਤਰ ਅਰ ਉਹ ਦੇ ਨਾਲ ਇੱਕ ਸੌ ਸੱਠ ਨਰ 11ਬੇਬਾਈ
ਦੇ ਪੁੱਤ੍ਰਾਂ ਵਿੱਚੋਂ, ਬੇਬਾਈ ਦਾ ਪੁੱਤਰ ਜ਼ਕਰਯਾਹ ਅਰ ਉਹ ਦੇ ਨਾਲ ਅਠਾਈ ਨਰ 12ਅਜ਼ਗਾਦ ਦੇ
ਪੁੱਤ੍ਰਾਂ ਵਿੱਚੋਂ ਹੱਕਾਟਾਨ ਦਾ ਪੁੱਤਰ ਯੋਹਾਨਾਨ ਅਰ ਉਹ ਦੇ ਨਾਲ ਇੱਕ ਸੌ ਦਸ ਨਰ 13ਅਦੋਨੀਕਾਮ ਦੇ
ਛੇਕੜਲੇ ਪੁੱਤ੍ਰਾਂ ਵਿੱਚੋਂ ਜਿਨ੍ਹਾਂ ਦੇ ਨਾਉਂ ਇਹ ਹਨ ਅਲੀਫਲਟ ਤੇ ਯਈਏਲ ਤੇ ਸ਼ਮਅਯਾਹ ਅਰ ਉਨ੍ਹਾਂ
ਦੇ ਨਾਲ ਸੱਠ ਨਰ 14ਬਿਗਵਈ ਦੇ ਪੁੱਤ੍ਰਾਂ ਵਿੱਚੋਂ ਊਥਈ ਤੇ ਜ਼ੱਬੂਦ ਅਰ ਉਨ੍ਹਾਂ ਦੇ ਨਾਲ ਸੱਤ੍ਰ ਨਰ।**

ਜਿਵੇਂ ਅਧਿਆਇ 2 ਵਿਚ ਜ਼ਰੁੱਬਾਬਲ ਦੇ ਨਾਲ ਬਾਬਲ ਤੋਂ ਯਰੂਸ਼ਲਮ ਨੂੰ ਜਾਣ ਵਾਲਿਆਂ ਦੇ ਪਰਿਵਾਰਾਂ ਦੇ ਮੁਖੀਆਂ ਦੇ ਨਾਂਅ ਦਿੱਤੇ ਗਏ ਸਨ, ਉਵੇਂ ਹੀ ਅਜ਼ਰਾ ਨੇ ਆਪਣੇ ਨਾਲ ਜਾਣ ਵਾਲੇ ਘਰਾਣਿਆਂ ਦੇ ਆਗੂਆਂ ਦੇ ਨਾਂਅ ਦੇ ਕੇ ਆਪਣੇ ਸਫ਼ਰ ਦਾ ਵਿਸਤਾਰ ਸਹਿਤ ਵੇਰਵਾ ਦੇਣਾ ਸ਼ੁਰੂ ਕੀਤਾ।

**ਆਇਤਾਂ 1, 2.** ਪਿਛਲਾ ਅਧਿਆਇ ਅਜ਼ਰਾ ਦੇ ਇਨ੍ਹਾਂ ਸ਼ਬਦਾਂ ਨਾਲ ਖ਼ਤਮ ਹੋਇਆ ਸੀ: ''ਅਤੇ ਮੈਂ ਇਸਰਾਏਲ ਵਿੱਚੋਂ ਮੁਖੀਆਂ ਨੂੰ ਇਕੱਠਾ ਕੀਤਾ ਭਈ ਓਹ ਮੇਰੇ ਨਾਲ ਉਤਾਹਾਂ ਚੱਲਣ'' (7:28)। ਇਸ ਅਧਿਆਇ ਦਾ ਅਰੰਭ ਇਨ੍ਹਾਂ ''ਮੁਖੀਆਂ'' ਦਾ ਨਾਂਅ ਦੇਣ ਨਾਲ ਸ਼ੁਰੂ ਹੁੰਦਾ ਹੈ, ਜੋ **ਉਨ੍ਹਾਂ ਦੇ ਪਿਉ ਦਾਦਿਆਂ ਦੇ ਘਰਾਣਿਆਂ ਦੇ ਮੁਖੀਏ** ਸਨ।[1] ਡੇਰੇਕ ਕਿਡਨਰ ਦੇ ਦੱਸਿਆ ਕਿ ''ਅਜ਼ਰਾ ਆਪਣੇ ਸਮਾਜ ਦੇ ਢਾਂਚੇ ਤੋਂ ਐਨੀ ਚੰਗੀ ਤਰ੍ਹਾਂ ਨਾਲ ਵਾਕਫ਼ ਸੀ ਕਿ ਇਹ ਜਾਣਦੇ ਹੋਏ ਕਿ ਜ਼ਿਆਦਾਤਰ ਮਾਮਲਿਆਂ ਵਿਚ ਜੇ ਉਹ ਆਉਣਗੇ ਤਾਂ ਉਨ੍ਹਾਂ ਨੇ ਆਪਣੇ ਨਾਲ ਆਪਣੇ ਜੱਥੇ ਲੈ ਆਉਣਗੇ, ਉਸ ਨੇ ਪਰਿਵਾਰਾਂ ਦੇ *ਮੁਖੀਆਂ* ਨਾਲ ਸਿੱਧੇ ਗੱਲ ਕੀਤੀ (7:28; 8:1)।''[2]

ਅਜ਼ਰਾ ਦੇ ਨਾਲ ਯਰੂਸ਼ਲਮ ਨੂੰ ਜਾਣ ਵਾਲਿਆਂ ਦੀ ਸੂਚੀ ਦਾ ਅਰੰਭ **ਗੇਰਸ਼ੋਮ**, **ਬਿਵਸਥਾ ਸਾਰ** ਅਤੇ **ਹੱਟੂਸ਼** ਨਾਲ ਇਹ ਤਿੰਨੇ ਜਣੇ ਯਾਜਕਾਂ ਅਤੇ ਸ਼ਾਹੀ ਘਰਾਣੇ ਦਾ ਇਕ ਵੱਖਰਾ ਵਰਗ ਸੀ। ਹਾਰੂਨ ਦੇ ਕੁਲ ਦੀਆਂ ਦੋ ਕਤਾਰਾਂ ਇੱਥੇ ਵਿਖਾਈਆਂ ਗਈਆਂ ਹਨ। (1) ''ਗੇਰਸ਼ੋਮ'' ਹਾਰੂਨ ਦੇ ਤੀਜੇ ਪੁੱਤਰ ਅਲਆਜ਼ਾਰ ਅਤੇ ਉਸ ਦੇ ਪੋਤੇ **ਫੀਨਹਾਸ** ਦੀ ਵੰਸ਼ ਵਿੱਚੋਂ ਸੀ। ਅਜ਼ਰਾ ਵੀ ਇੱਸੇ ਕੁਲ ਵਿੱਚੋਂ ਸੀ (7:1–5)। (2) ''ਬਿਵਸਥਾ ਸਾਰ'' ਹਾਰੂਨ ਦੇ ਚੌਥੇ ਪੁੱਤਰ **ਈਥਾਮਾਰ** ਦੀ ਵੰਸ਼ ਵਿੱਚੋਂ ਸੀ।[3] ਇਸ ਤੋਂ ਛੁੱਟ ''ਹੱਟੂਸ਼'' **ਦਾਊਦ** ਦੇ ਸ਼ਾਹੀ ਕੁਲ ਦੀ ਨੁਮਾਇੰਗੀ ਕਰਦਾ ਸੀ। ਭਾਵੇਂ ਇੱਥੇ ਉਨ੍ਹਾਂ ਦੇ ਨਾਂਅ ਨਹੀਂ ਦਿੱਤੇ ਗਏ ਜਾਂ ਉਨ੍ਹਾਂ ਦੀ ਗਿਣਤੀ ਨਹੀਂ ਦਿੱਤੀ ਗਈ ਪਰ ਇਨ੍ਹਾਂ ਤਿੰਨਾਂ ਪਰਿਵਾਰਾਂ ਦੇ ਹੋਰ ਲੋਕ ਸਾਫ਼ ਤੌਰ ਤੇ ਇਸ ਸਫ਼ਰ ਵਿਚ ਸਨ। 8:24 ਵਿਚ ਦੋ ਹੋਰ ਯਾਜਕਾਂ ਦੇ ਨਾਂਅ ਹਨ ਅਤੇ ਦਸ ਹੋਰਨਾਂ ਦਾ ਜ਼ਿਕਰ ਹੈ।[4]

**ਆਇਤਾਂ 3-14.** ਬਾਕੀ ਦੀ ਲਿਸਟ ਵਿਚ ਦਿੱਤੇ ਗਏ ਆਦਮੀਆਂ ਦੇ ਨਾਂਅ ਬਾਰਾਂ ਵੱਖੋ–ਵੱਖ ਜਣਿਆਂ ਦੇ ਵੰਸ਼ ਵਿੱਚੋਂ ਸਨ ਅਤੇ ਇਸ ਕਰਕੇ ਇਹ ਬਾਰਾਂ ਵੱਖੋ–ਵੱਖ ਪਰਿਵਾਰਾਂ ਵਿੱਚੋਂ ਸਨ। ਇਸ ਗਿਣਤੀ ਦੀ ਚੋਣ ਹੋ ਸਕਦਾ ਹੈ ਕਿ ਪੂਰੇ ਇਸਰਾਏਲ ਦੀ ਨੁਮਾਇੰਦਗੀ ਲਈ ਕੀਤੀ ਗਈ ਹੋਵੇ, ਜਿਸ ਵਿਚ ਮੂਲ ਵਿਚ ਬਾਰਾਂ ਗੋਤਰ ਸਨ। ਇਹ ਮੇਲ ਸਹੀ ਹੋਵੇਗਾ, ਵਾਪਸ ਆਉਣ ਵਾਲੇ ਭਾਵੇਂ ਮੁੱਖ ਤੌਰ ਤੇ ਯਹੂਦਾ ਅਤੇ ਬਿਨਿਆਮੀਨ ਦੇ ਦੋਹਾਂ ਗੋਤਰਾਂ ਵਿੱਚੋਂ ਹੀ ਸਨ (1:5; 4:1; 10:9; ਨਹਮਯਾਹ 11:4–8, 25, 31, 36)।[5]

ਇਹੀ ਪਰਿਵਾਰਿਕ ਨਾਂਅ ਅਜ਼ਰਾ 2:3–15 (ਅਤੇ ਇਸ ਦੇ ਨਾਲ ਮੇਲ ਖਾਂਦੇ ਨਹਮਯਾਹ ਦੇ ਹਵਾਲਿਆਂ ਵਿਚ) ਵਿਚ ਮਿਲਦੇ ਹਨ। ਅਧਿਆਇ 8 ਵਾਲੀ ਲਿਸਟ ਭਾਵੇਂ ਅਧਿਆਇ 2 ਵਾਲੀ ਲਿਸਟ ਨਾਲ ਮੇਲ ਖਾਂਦੀ ਹੈ ਪਰ ਇਹ ਐਨਾ ਸਾਫ਼ ਕਰਨ ਲਈ ਕਾਫ਼ੀ ਫ਼ਰਕ ਹੈ ਕਿ ਦੋਵੇਂ ਲਿਸਟਾਂ ਆਪੋ ਵਿਚ ਇਕ ਦੂਜੇ ਤੋਂ ਅੱਡ ਹਨ।[6] ਸਾਫ਼ ਹੈ ਕਿ ਅੱਸੀ ਸਾਲ ਪਹਿਲਾਂ ਜ਼ਰੁੱਬਾਬਲ ਨਾਲ ਇਨ੍ਹਾਂ ਪਰਿਵਾਰਾਂ ਦੇ ਸਾਰੇ ਲੋਕ ਵਾਪਸ ਨਹੀਂ ਆਏ ਸਨ। ਵਚਨ ਜਦ **ਅਦੋਨੀਕਾਮ ਦੇ ਛੇਕੜਲੇ ਪੁੱਤ੍ਰਾਂ** (8:13) ਦੀ ਗੱਲ ਕਰਦਾ ਹੈ ਤਾਂ ਇਹ ਕਹਿ ਰਿਹਾ ਹੋ ਸਕਦਾ ਹੈ ਕਿ ਉਸ ਪਰਿਵਾਰ ਦੇ ਬਾਕੀ ਦੇ ਸਾਰੇ ਆਦਮੀ ਯਹੂਦਾ ਵਿਚ ਜਾਣ ਲਈ ਬਾਬਲ ਵਿੱਚੋਂ ਨਿੱਕਲੇ। ਇਹਦਾ ਮਤਲਬ ਇਹ ਹੋਇਆ ਕਿ ਹੋਰਨਾਂ ਪਰਿਵਾਰਾਂ ਲਈ ਉਹੀ ਗੱਲ ਨਹੀਂ ਸੀ, ਜਿਨ੍ਹਾਂ ਦੇ ਰਿਸ਼ਤੇਦਾਰ ਅਜੇ ਵੀ ਅਜ਼ਰਾ ਨਾਲ ਵਾਪਸ ਜਾਣ ਤੋਂ ਬਾਅਦ ਬਾਬਲ ਵਿਚ ਰਹਿ ਰਹੇ ਸਨ।

ਇਸ ਲਿਸਟ ਦੀਆਂ ਕਈ ਗੱਲਾਂ ਧਿਆਨ ਦੇਣ ਯੋਗ ਹਨ: (1) ਹੋਰਨਾਂ ਥਾਂਵਾਂ ਵਿਚ ਆਦਮੀਆਂ ਦੇ ਨਾਂਅ ਉਨ੍ਹਾਂ ਦੇ ਪੂਰਵਜਾਂ ਦੇ ਅਨੁਸਾਰ ਦਿੱਤੇ ਗਏ ਸਨ। ਇਹ ਜਾਣਨਾ ਜ਼ਰੂਰੀ ਹੁੰਦਾ ਸੀ (ਅਤੇ ਸਾਬਤ ਕਰਨ ਲਈ) ਕਿ ਉਹ ਕਿਸ ਖ਼ਾਨਦਾਨ ਵਿੱਚੋਂ ਹੈ। (2) ਸਿਰਫ਼ **ਨਰ** ਹੀ ਦੱਸੇ ਗਏ ਹਨ ਪਰ

ਉਨ੍ਹਾਂ ਦੇ ਨਾਲ ਔਰਤਾਂ ਅਤੇ ਬੱਚੇ ਵੀ ਹੋਣਗੇ। 8:21 ਵਿਚ ''ਆਪਣੇ ਨਿਆਣਿਆਂ'' ਦੀ ਗੱਲ ਕੀਤੀ ਗਈ ਹੈ। (3) ਜੇਕਬ ਐੱਮ. ਮਾਇਰਸ ਨੇ ਦੱਸਿਆ ਹੈ ਕਿ ''ਅਜ਼ਰਾ ਨਾਲ ਵਾਪਸ ਆਉਣ ਵਾਲੇ ਮਰਦਾਂ ਦੀ ਗਿਣਤੀ, ਗ੍ਰੰਥੀ ਦੇ ਆਪਣੇ, ਅਤੇ ਗੇਰਸ਼ੋਮ, ਬਿਵਸਥਾ ਸਾਰ ਅਤੇ ਹੱਟੂਸ਼ ਸਣੇ, ਪੂਰੀ ਪੂਰੀ ਪੰਦਰਾਂ ਸੌ ਬਣਦੀ ਹੈ,'' ਜਿਸ ਵਿਚ ਲੇਵੀ ਅਤੇ ਹੈਕਲ ਦੇ ਸੇਵਾਦਾਰ (ਨਥੀਨੀਏਲ) ਸ਼ਾਮਿਲ ਨਹੀਂ ਹਨ।[7] ਅਜ਼ਰਾ ਦੇ ਨਾਲ ਵਾਪਸ ਆਉਣ ਵਾਲਿਆਂ ਦੀ ਕੁੱਲ ਗਿਣਤੀ ਦੇ ਅੰਦਾਜ਼ੇ ਪੰਜ ਹਜ਼ਾਰ ਤੋਂ ਨੌਂ ਹਜ਼ਾਰ ਤਕ ਲਾਏ ਜਾਂਦੇ ਹਨ।[8]

ਜਿਹੜੇ ਵਾਪਸ ਆਏ ਸਨ ਉਨ੍ਹਾਂ ਦੇ ਵਿਸ਼ਵਾਸ ਨੂੰ ਵੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਵਾਪਸੀ ਦਾ ਸੱਦਾ ਸਭ ਨੂੰ ਦਿੱਤਾ ਗਿਆ ਸੀ (7:13)। ਸਿਰਫ਼ ਇਨ੍ਹਾਂ ਨੇ ਹੀ ਕਿਉਂ ਮੰਨਿਆ? ਜੇ ਜ਼ਰੁੱਬਾਬਲ ਦੇ ਸਮੇਂ ਬਾਬਲ ਵਿਚ ਰਹਿਣ ਵਾਲਿਆਂ ਕੋਲ ਬਾਬਲ ਵਿਚ ਠਹਿਰਣ ਦਾ ਕਾਰਣ ਸੀ (ਕਿਉਂ ਜੋ ਉਨ੍ਹਾਂ ਉੱਥੇ ਤਰੱਕੀ ਕਰ ਲਈ ਸੀ), ਤਾਂ ਅੱਠ ਦਹਾਕਿਆਂ ਬਾਅਦ ਉੱਥੇ ਰਹਿਣ ਦਾ ਕਾਰਣ ਇਸ ਨਾਲੋਂ ਵੀ ਵੱਡਾ ਸੀ। ਵਾਪਸ ਆਉਣ ਦੀ ਉਨ੍ਹਾਂ ਦੀ ਇੱਛਾ ਨੂੰ ਅਜ਼ਰਾ ਵੱਲੋਂ ਉਨ੍ਹਾਂ ਨੂੰ ਮਨਾਉਣ ਅਤੇ/ਜਾਂ ਯਹੋਵਾਹ, ਉਸ ਦੀ ਸ਼ਰ੍ਹਾ ਅਤੇ ਉਸ ਦੇ ਲੋਕਾਂ ਲਈ ਉਨ੍ਹਾਂ ਦੇ ਪਿਆਰ ਨੂੰ ਮੰਨਿਆ ਜਾਣਾ ਚਾਹੀਦਾ ਹੈ।

## ਲੇਵੀਆਂ ਨੂੰ ਬੁਲਾਇਆ ਗਿਆ (8:15-20)

**15ਮੈਂ ਉਨ੍ਹਾਂ ਨੂੰ ਉਸ ਨਦੀ ਦੇ ਕੋਲ ਜੋ ਅਹਵਾ ਦੀ ਵੱਲ ਵੱਗਦੀ ਹੈ ਇਕੱਠਾ ਕੀਤਾ ਅਤੇ ਉੱਥੇ ਅਸੀਂ
ਤਿੰਨ ਦਿਨ ਡੇਰੇ ਲਾ ਕੇ ਰਹੇ ਅਤੇ ਮੈਂ ਲੋਕਾਂ ਤੇ ਜਾਜਕਾਂ ਵਿੱਚ ਵੇਖਿਆ ਪਰ ਲੇਵੀਆਂ ਵਿੱਚੋਂ ਮੈਨੂੰ ਉੱਥੇ
ਕੋਈ ਨਾ ਲੱਭਾ 16ਤਦ ਮੈਂ ਅਲੀਅਜ਼ਰ, ਅਰੀਏਲ, ਸ਼ਮਅਯਾਹ, ਅਲਨਾਥਾਨ, ਯਾਰੀਬ ਅਲਨਾਥਾਨ,
ਨਾਥਾਨ, ਜ਼ਕਰਯਾਹ, ਮਸੁੱਲਾਮ, ਮੁਖੀਆਂ ਨੂੰ ਅਤੇ ਯੋਯਾਰੀਬ ਤੇ ਅਲਨਾਥਾਨ, ਸਿਆਣਿਆਂ ਨੂੰ ਸੱਦ
ਘੱਲਿਆ 17ਅਤੇ ਮੈਂ ਓਨ੍ਹਾਂ ਨੂੰ ਇੱਦੋ ਮੁਖੀਏ ਕੋਲ ਕਾਸਿਫਯਾ ਨਾਮੀ ਇੱਕ ਥਾਂ ਨੂੰ ਘੱਲਿਆ ਅਤੇ ਜੋ
ਕੁਝ ਓਨ੍ਹਾਂ ਨੇ ਇੱਦੋ ਤੇ ਉਹ ਦੇ ਭਰਾਵਾਂ ਨਥੀਨੀਮੀਆਂ ਨੂੰ ਕਾਸਿਫਯਾ ਨਾਮੇ ਥਾਂ ਵਿੱਚ ਆਖਣਾ ਸੀ ਦੱਸ
ਦਿੱਤਾ ਭਈ ਓਹ ਸਾਡੇ ਪਰਮੇਸ਼ੁਰ ਦੇ ਭਵਨ ਦੇ ਲਈ ਸੇਵਾਦਾਰਾਂ ਨੂੰ ਸਾਡੇ ਕੋਲ ਲੈ ਆਉਣ 18ਅਤੇ ਸਾਡੇ
ਪਰਮੇਸ਼ੁਰ ਦੀ ਭਲਿਆਈ ਦਾ ਹੱਥ ਸਾਡੇ ਉੱਤੇ ਸੀ ਏਸ ਲਈ ਓਹ ਇੱਕ ਬੁੱਧਵਾਨ ਮਨੁੱਖ ਨੂੰ ਮਹਲੀ
ਦੇ ਪੁੱਤ੍ਰਾਂ ਵਿੱਚੋਂ ਜੋ ਲੇਵੀ ਦਾ ਪੁੱਤਰ ਜੋ ਇਸਰਾਏਲ ਦਾ ਪੁੱਤਰ ਸੀ ਲੈ ਆਏ, ਨਾਲੇ ਸ਼ੇਰੇਬਯਾਹ ਨੂੰ ਉਹ
ਦੇ ਪੁੱਤ੍ਰਾਂ ਤੇ ਭਰਾਵਾਂ ਸਣੇ, ਅਠਾਰਾਂ ਜਣਿਆਂ ਨੂੰ 19ਅਤੇ ਹਸ਼ਬਯਾਹ ਤੇ ਉਹ ਦੇ ਨਾਲ ਮਰਾਰੀਆਂ ਵਿੱਚੋਂ
ਯਸਾਯਾਹ ਨੂੰ ਉਹ ਦੇ ਭਰਾਵਾਂ ਤੇ ਉਨ੍ਹਾਂ ਦੇ ਪੁੱਤ੍ਰਾਂ ਸਣੇ, ਵੀਹ ਜਣਿਆਂ ਨੂੰ 20ਅਤੇ ਨਥੀਨੀਮੀਆਂ ਵਿੱਚੋਂ
ਜਿਨ੍ਹਾਂ ਨੂੰ ਦਾਊਦ ਤੇ ਸਰਦਾਰਾਂ ਨੇ ਲੇਵੀਆਂ ਦੀ ਸੇਵਾ ਦੇ ਲਈ ਥਾਪਿਆ ਸੀ ਦੋ ਸੌ ਵੀਹ ਨਥੀਨੀਮੀਆਂ
ਨੂੰ ਵੀ। ਓਨ੍ਹਾਂ ਸਭਨਾਂ ਦੇ ਨਾਉਂ ਦੱਸੇ ਗਏ ਸਨ।**

ਜੱਥੇ ਦੇ ਨਿਕਲਣ ਲਈ ਤਿਆਰ ਹੋ ਜਾਣ ਤੇ, ਅਜ਼ਰਾ ਨੇ ਵੇਖਿਆ ਕਿ ਉਨ੍ਹਾਂ ਵਿਚ ਲੇਵੀ ਨਹੀਂ ਹਨ। ਅਧਿਆਇ ਦਾ ਇਹ ਭਾਗ ਸਾਨੂੰ ਦੱਸਦਾ ਹੈ ਕਿ ਉਸ ਨੇ ਇਸ ਮੁਸ਼ਕਿਲ ਦਾ ਹੱਲ ਕਿਵੇਂ ਕੀਤਾ।

**ਆਇਤ 15.** ਅਜ਼ਰਾ ਨੇ ਜੱਥੇ ਨੂੰ **ਉਸ ਨਦੀ ਦੇ ਕੋਲ ਜੋ ਅਹਵਾ ਦੀ ਵੱਲ ਵੱਗਦੀ ਹੈ ਇਕੱਠਾ ਕੀਤਾ** ਜਿੱਥੇ ਉਹ **ਤਿੰਨ ਦਿਨ ਰੁਕੇ**। ''ਅਹਵਾ'' ਬਾਬਲ ਦੇ ਕਾਫ਼ੀ ਨੇੜੇ ਹੋਵੇਗਾ, ਪਰ ਇਸ ਦਾ ਸਹੀ ਸਹੀ ਥਾਂ ਪਤਾ ਨਹੀਂ ਹੈ। ''ਨਦੀ'' (*nahar*, *ਨਾਹਾਰ*) ਨੂੰ ਸੰਭਵ ਤੌਰ ਤੇ ''ਨਹਿਰ'' ਮੰਨਿਆ ਜਾਂਦਾ ਹਵੇਗਾ (NIV; NJB; TEV; NCV; NLT)। ਬਾਬਲ ਵਿਚ ਫਰਾਤ ਅਤੇ ਹਿੱਦਕੇਲ ਦਰਿਆਵਾਂ ਵਿੱਚੋਂ ਕਈ ਨਹਿਰਾਂ ਕੱਢੀਆਂ ਗਈਆਂ ਸਨ। ਕਿਉਂ ਜੋ ਉਨ੍ਹਾਂ ਦੀ ਵਰਤੋਂ ਸਿੰਚਾਈ, ਆਵਾਜਾਈ ਅਤੇ ਸੁਰੱਖਿਆ ਲਈ ਕੀਤੀ ਜਾਂਦੀ ਸੀ। ਇੱਥੇ ਨਹਿਰ ਦਾ ਨਾਂਅ ਅਹਵਾ ਸ਼ਹਿਰ ਦੇ ਨਾਂਅ ਤੇ ਰੱਖਿਆ ਗਿਆ ਸੀ

(8:31) ਜਿਸ ਵਿੱਚੋਂ ਦੀ ਇਹ ਵਗਦੀ ਸੀ। ਸਾਫ਼ ਹੈ ਕਿ ਇਹ ਥਾਂ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਆਖ਼ਰੀ ਪੜਾਅ ਦਾ ਇਲਾਕਾ ਸੀ। ਜੱਥੇ ਦੇ ਸਫ਼ਰ ਦੀ ਸ਼ੁਰੂਆਤ ਵਿਚ ਅਹਵਾ ਵਿਚ ਤਿੰਨ ਦਿਨ ਰੁਕਣਾ, ਅਖ਼ੀਰ ਵਿਚ ਯਰੂਸ਼ਲਮ ਵਿਚ ਤਿੰਨ ਦਿਨ ਰੁਕਣ ਨਾਲ ਸੰਤੁਲਨ ਬਣ ਜਾਂਦਾ ਹੈ (8:32)।

ਅਜ਼ਰਾ ਦਾ ਪਹਿਲਾ ਕੰਮ **ਲੋਕਾਂ** ਦੀ ਗਿਣਤੀ ਉਨ੍ਹਾਂ ਦੇ ਪਰਿਵਾਰਾਂ ਦੇ ਮੁਤਾਬਕ ਕਰਨਾ ਸੀ। ਗਿਣਤੀ ਕਰ ਲੈਣ ਤੇ ਉਸ ਨੂੰ ਹੈਕਲ ਦੇ ਸੇਵਾਦਾਰਾਂ ਦੀ ਘਾਟ ਲੱਗੀ। **ਜਾਜਕਾਂ** ਵਿੱਚੋਂ ਭਾਵੇਂ ਉੱਥੇ ਹੈ ਸਨ ਪਰ **ਲੇਵੀਆਂ** ਵਿੱਚੋਂ ਕੋਈ ਨਹੀਂ ਆਇਆ ਸੀ। ਸ਼ਾਇਦ ਲੇਵੀਆਂ ਨੇ ਹੈਕਲ ਵਿਚਲੀ ਸੇਵਾ ਵਿਚ ਆਪਣੀ ਅਧੀਨ ਸੇਵਾ ਕਰਕੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ ਸੀ, ਜਾਂ ਫਿਰ ਸ਼ਾਇਦ (ਆਪਣੇ ਬਹੁਤ ਸਾਰੇ ਦੇਸ਼ ਵਾਸੀਆਂ ਵਾਂਗ) ਉਨ੍ਹਾਂ ਕਾਫ਼ੀ ਤਰੱਕੀ ਕਰ ਲਈ ਸੀ ਅਤੇ ਬਾਬਲ ਵਿਚ ਰਹਿਣਾ ਉਨ੍ਹਾਂ ਲਈ ਅਰਾਮਦਾਇਕ ਹੋਣਾ ਸੀ। ਜੋ ਵੀ ਹੋਵੇ, ਅਜ਼ਰਾ ਨੂੰ ਲੱਗਾ ਕਿ ਆਪਣੇ ਨਾਲ ਉਨ੍ਹਾਂ ਵਿੱਚੋਂ ਕੁਝ ਕੁ ਨੂੰ ਯਰੂਸ਼ਲਮ ਲਿਜਾਣਾ ਜ਼ਰੂਰੀ ਹੈ। ਕਿਉਂ? ਸੰਭਾਵਨਾਵਾਂ ਸੁਝਾਈਆਂ ਗਈਆਂ ਹਨ,[9] ਪਰ ਕੋਈ ਵੀ ਯਕੀਨ ਨਾਲ ਨਹੀਂ ਕਹਿ ਸਕਦਾ। ਪਰ ਅਸੀਂ ਇਹ ਪੱਕਾ ਜਾਣ ਸਕਦੇ ਹਾਂ ਕਿ ਇਹ ਇਸ ਕਰਕੇ ਸੀ ਕਿਉਂ ਜੋ ਯਰੂਸ਼ਲਮ ਵਿਚ ਕੋਈ ਲੇਵੀ ਨਹੀਂ ਸੀ, ਕਿਉਂ ਜੋ ਉਨ੍ਹਾਂ ਵਿੱਚੋਂ ਕਈ ਉਨ੍ਹਾਂ ਵਿਚ ਸ਼ਾਮਿਲ ਸਨ ਜਿਹੜੇ ਜ਼ਰੁੱਬਾਬਲ ਨਾਲ ਵਾਪਸ ਚਲੇ ਗਏ ਸਨ (2:40–42)।

**ਆਇਤ 16.** ਲੋੜੀਂਦੇ ਲੇਵੀ ਹਾਸਲ ਕਰਨ ਲਈ ਅਜ਼ਰਾ ਨੇ ਸਭ ਤੋਂ ਪਹਿਲਾਂ ਉਨ੍ਹਾਂ ਦੋ ਜਣਿਆਂ ਦੇ ਨਾਲ ਜਿਨ੍ਹਾਂ ਨੂੰ **ਸਿਆਣਿਆਂ** ਆਖਿਆ ਗਿਆ ਹੈ, ਜਿਹੜੇ ਪਹਿਲਾਂ ਹੀ ਉਹਦੇ ਨਾਲ ਸਨ, **ਮੁਖੀਆਂ** ਵਿੱਚੋਂ ਕਈ ਭਰਤੀ ਕਰ ਲਏ। ਅਨੁਵਾਦ ਹੋਏ ਸ਼ਬਦ ''ਮੁਖੀਆਂ'' ਦੇ ਇਬਰਾਨੀ ਸ਼ਬਦ (*ra'shim*, *ਰਾਸ਼ਿਮ*) ਦਾ ਮੂਲ ਅਰਥ ''ਪ੍ਰਧਾਨਾਂ'' ਹੈ। ''ਸਿਆਣਿਆਂ'' (*m^e^binim*, *ਮੇਬਿਨਿਮ*) ਜਾਂ ''ਉਸਤਾਦਾਂ'' (NIV – ਅਨੁਵਾਦਕ) ਦਾ ਸ਼ਬਦੀ ਅਨੁਵਾਦ ''ਸਮਝਾ ਸਕਣ ਵਾਲੇ'' ਹੋ ਸਕਦਾ ਹੈ।

ਜਿਨ੍ਹਾਂ ਬੰਦਿਆਂ ਦਾ ਇੱਥੇ ਜ਼ਿਕਰ ਹੈ ਉਹ 8:3–14 ਵਾਲੇ ਪਰਿਵਾਰ ਦੇ ਮੁਖੀ ਨਹੀਂ ਦੱਸੇ ਗਏ। ਇਸ ਆਇਤ ਵਿਚ **ਅਲਨਾਥਾਨ** ਤਿੰਨ ਵਾਰ ਆਉਂਦਾ ਹੈ ਜਿਸ ਕਰਕੇ ਕੁਝ ਵਿਦਵਾਨ ਉਸ ਦੀ ਇਤਹਾਸਕ ਦਰੁੱਸਤੀ ਦੇ ਸਵਾਲ ਉਠਾਉਂਦੇ ਹਨ। ਪਰ ਅਜਿਹਾ ਸ਼ੱਕ ਬਿਲਕੁਲ ਬੇਲੋੜਾ ਹੈ। ਜਿਵੇਂ ਕੀਥ ਐਨ. ਸ਼ੋਵਿੱਲ ਨੇ ਦੱਸਿਆ ਹੈ, ''ਹੋ ਸਕਦਾ ਹੈ ਅਲਨਾਥਾਨ ('ਖ਼ੁਦਾ ਨੇ ਦਿੱਤਾ ਹੈ') ਮਸ਼ਹੂਰ ਨਾਂਅ ਹੋਵੇ, ਜਿਸ ਕਰਕੇ ਤਿੰਨ 'ਅਲਨਾਥਾਨ' ਹੋਵੇ ਉਵੇਂ ਹੀ ਸੰਭਵ ਹੈ ਜਿਵੇਂ ਅੱਜ ਦੇ ਸਮੇਂ ਵਿਚ ਤਿੰਨ 'ਜੌਨ' ਹੋ ਸਕਦੇ ਹਨ। ਅਜ਼ਰਾ ਇਨ੍ਹਾਂ ਬੰਦਿਆਂ ਅਤੇ ਉਨ੍ਹਾਂ ਦੀ ਪ੍ਰਸਿੱਧੀ ਤੋਂ ਵਾਕਫ਼ ਸੀ ਅਤੇ ਸਾਫ਼ ਹੈ ਕਿ ਯਹੂਦੀ ਸਮਾਜ ਵੀ ਉਨ੍ਹਾਂ ਨੂੰ ਜਾਣਦਾ ਹੋਵੇਗਾ।''[10]

**ਆਇਤ 17.** ਅਜ਼ਰਾ ਨੇ ਮੁਖੀਆਂ ਨੂੰ ਦੱਸਿਆ ਕਿ ਕੀ ਬੋਲਣਾ ਹੈ ਅਤੇ ਫਿਰ **ਉਨ੍ਹਾਂ ਨੂੰ ਕਾਸਿਫਯਾ ਨੂੰ ਘੱਲਿਆ**। ਇਹ ਥਾਂ ਭਾਵੇਂ ਅਗਿਆਤ ਹੈ ਪਰ ਲੇਵੀ ਇੱਥੇ ਹੀ ਰਹਿੰਦੇ ਸਨ। ਇਹ ਅਹਵਾ ਦੇ ਕਾਫ਼ੀ ਨੇੜੇ ਹੋਵੇਗਾ।

ਲੇਵੀਆਂ ਦੇ ਆਗੂ ਦਾ ਨਾਂਅ **ਇੱਦੋ** ਸੀ। **ਥਾਂ** (*maqom*, *ਮਾਕੋਮ*) ਲਈ ਸ਼ਬਦ ਇਹ ਸੁਝਾਅ ਦੇ ਸਕਦਾ ਹੈ ਕਿ ਇੱਦੋ ਉੱਥੋਂ ਦੇ ਸਕੂਲ ਦਾ ਆਗੂ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ਯਹੂਦੀਆਂ ਵੱਲੋਂ ਐਲੀਫ਼ੈਂਟਾਈਨ ਮਿਸਰ ਵਿਚ ਬਣਾਈ ਵੇਦੀ ਵਰਗੀ ਕਿਸੇ ਮੰਦਰ ਦੀ ਗੱਲ ਹੈ। ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ''ਥਾਂ'' ਸਿਨਾਗੋਗ ਦੀ ਪੂਰਬਗਾਮੀ ਸੀ।[11]

**ਆਇਤਾਂ 18-20.** ਅਜ਼ਰਾ ਵੱਲੋਂ ਘੱਲੇ ਗਏ ਬੰਦੇ ਜ਼ਾਹਿਰ ਤੌਰ ਤੇ ਕਾਫ਼ੀ ਪ੍ਰੇਰਣਾਦਾਇਕ ਸਨ। ਸ਼ਾਇਦ ਉਨ੍ਹਾਂ ਨੇ ਕੁਝ ਇਸ ਤਰ੍ਹਾਂ ਨਾਲ ਆਖ ਕੇ ਆਪਣੇ ਸੁਣਨ ਵਾਲਿਆਂ ਨੂੰ ਆਪਣਾ ਫ਼ਰਜ਼ ਯਾਦ ਦੁਆਇਆ ਕਿ ''ਤੁਹਾਨੂੰ ਯਹੋਵਾਹ ਵੱਲੋਂ ਹੈਕਲ ਵਿਚ ਸੇਵਾ ਕਰਨ ਲਈ ਸੱਦਿਆ ਗਿਆ ਸੀ, ਪਰ ਹੈਕਲ ਤਾਂ ਯਰੂਸ਼ਲਮ ਵਿਚ ਹੈ। ਤੁਸੀਂ ਇੱਥੇ ਕੀ ਕਰ ਰਹੇ ਹੋ?''

ਉਨ੍ਹਾਂ ਜੋ ਵੀ ਆਖਿਆ ਹੋਵੇ, ਪਰ ਉਨ੍ਹਾਂ ਦਾ ਮਕਸਦ ਹੱਲ ਹੋ ਗਿਆ ਸੀ। ਬੇਸ਼ੱਕ ਇਹ ਯਹੋਵਾਹ

ਦੀ ਰੱਬੀ ਮਦਦ ਦੇ ਕਾਰਣ ਹੋਇਆ, ਕਿਉਂ ਜੋ **ਸਾਡੇ ਪਰਮੇਸ਼ੁਰ ਦੀ ਭਲਿਆਈ ਦਾ ਹੱਥ ਸਾਡੇ ਉੱਤੇ ਸੀ** (8:18)। ਅਠੱਤੀ ਲੇਵੀ ਅਜ਼ਰਾ ਦੇ ਜੱਥੇ ਨਾਲ ਯਰੂਸ਼ਲਮ ਨੂੰ ਵਾਪਸ ਜਾਣਾ ਮੰਨ ਗਏ (8:18, 19), ਬਲਕਿ ਉਨ੍ਹਾਂ ਨੇ **ਨਥੀਨੀਮੀਆਂ** ਦੀ ਹੋਰ ਵੀ ਵੱਡੀ ਗਿਣਤੀ (**ਦੋ ਸੌ ਵੀਹ**) ਨੂੰ ਨਾਲ ਲੈ ਲਿਆ। ਇਨ੍ਹਾਂ ''ਨਥੀਨੀਮਾਂ'' ਨੂੰ ਤੁਰੇਤ ਵਿਚਲੇ ਮੂਲ ਤੰਬੂ ਨਾਲ ਸਬੰਧਿਤ ਨਿਯਮਾਂ ਦੇ ਰਾਹੀਂ ਨਹੀਂ, ਬਲਕਿ **ਦਾਊਦ ਤੇ ਸਰਦਾਰਾਂ** ਵੱਲੋਂ **ਲੇਵੀਆਂ ਦੀ ਸੇਵਾ ਦੇ ਲਈ** (8:20) ਥਾਪਿਆ ਗਿਆ ਸੀ।[12] ਲੇਵੀਆਂ ਅਤੇ ਨਥੀਨੀਮੀਆਂ ਦੇ ਜੁੜਨ ਨਾਲ ਜੱਥੇ ਵਿਚ 1,758 ਬੰਦੇ ਹੋ ਗਏ।[13] ਫੇਰ, ਸਿਰਫ਼ ਆਦਮੀ ਦੇ ਨਾਂਅ ਹੀ ਦਿੱਤੇ ਗਏ ਸਨ ਅਤੇ ਸਿਰਫ਼ ਉਨ੍ਹਾਂ ਦੀ ਹੀ ਗਿਣਤੀ ਕੀਤੀ ਗਈ ਜਿਸ ਕਰਕੇ (ਔਰਤਾਂ ਅਤੇ ਬੱਚਿਆਂ ਸਣੇ) ਨਵੇਂ ਆਉਣ ਵਾਲਿਆਂ ਦੀ ਕੁੱਲ ਗਿਣਤੀ ਕਾਫ਼ੀ ਵਧ ਗਈ ਹੋਵੇਗੀ।

## ਖ਼ੁਦਾ ਦੀ ਓਟ ਮੰਗੀ ਗਈ (8:21-23)

**21ਤਦ ਮੈਂ ਉੱਥੇ ਅਹਵਾ ਨਦੀ ਤੇ ਵਰਤ ਦਾ ਹੋਕਾ ਦਵਾਇਆ ਤਾਂ ਜੋ ਅਸੀਂ ਆਪਣੇ ਪਰਮੇਸ਼ੁਰ ਦੇ ਸਨਮੁਖ ਅਧੀਨ ਹੋ ਕੇ ਆਪਣੇ ਲਈ ਤੇ ਆਪਣੇ ਨਿਆਣਿਆਂ ਲਈ ਤੇ ਆਪਣੇ ਸਾਰੇ ਮਾਲ ਦੇ ਲਈ ਉਸ ਤੋਂ ਸਿੱਧੀ ਰਾਹ ਮੰਗੀਏ 22ਕਿਉਂ ਜੋ ਮੈਂ ਲਾਜ ਦੇ ਮਾਰੇ ਪਾਤਸ਼ਾਹ ਤੋਂ ਸਿਪਾਹੀਆਂ ਦੇ ਜੱਥੇ ਤੇ ਸਵਾਰ ਨਾ ਮੰਗੇ ਭਈ ਰਾਹ ਵਿੱਚ ਵੈਰੀਆਂ ਦੇ ਵਿੱਰੁਧ ਸਾਡੀ ਸਹਾਇਤਾ ਕਰਨ ਏਸ ਲਈ ਕਿ ਅਸੀਂ ਪਾਤਸ਼ਾਹ ਤੋਂ ਸਿਪਾਹੀਆਂ ਦੇ ਜੱਥੇ ਤੇ ਸਵਾਰ ਨਾ ਮੰਗੇ ਭਈ ਰਾਹ ਵਿੱਚ ਵੈਰੀਆਂ ਦੇ ਵਿੱਰੁਧ ਸਾਡੀ ਸਹਾਇਤਾ ਕਰਨ ਏਸ ਲਈ ਕਿ ਅਸੀਂ ਪਾਤਸ਼ਾਹ ਨੂੰ ਆਖਿਆ ਸੀ ਭਈ ਸਾਡੇ ਪਰਮੇਸ਼ੁਰ ਦਾ ਹੱਥ ਭਲਿਆਈ ਦੇ ਲਈ ਉਨ੍ਹਾਂ ਸਾਰਿਆਂ ਦੇ ਨਾਲ ਹੈ ਜੋ ਉਹ ਦੇ ਤਾਲਬ ਹਨ ਪਰ ਉਹ ਦਾ ਬਲ ਤੇ ਕ੍ਰੋਧ ਉਨ੍ਹਾਂ ਸਾਰਿਆਂ ਦੇ ਵਿਰੁੱਧ ਹੈ ਜੋ ਉਹ ਨੂੰ ਤਿਆਗ ਦਿੰਦੇ ਹਨ 23ਸੋ ਅਸੀਂ ਵਰਤ ਰੱਖ ਕੇ ਏਸ ਗੱਲ ਦੇ ਲਈ ਪਰਮੇਸ਼ੁਰ ਦੇ ਤਰਲੇ ਕੀਤੇ ਅਤੇ ਉਹ ਨੇ ਸਾਡੀ ਸੁਣੀ।**

ਜੱਥੇ ਦੇ ਪੂਰਾ ਹੋ ਜਾਣ ਤੇ, ਅਜ਼ਰਾ ਦੇ ਨਿਰਦੇਸ਼ ਤੇ ਯਹੂਦੀਆਂ ਨੇ ਸੁਰੱਖਿਅਤ ਸਫ਼ਰ ਲਈ ਰੋਜ਼ਾ ਰੱਖ ਕੇ ਦੁਆ ਕੀਤੀ।

**ਆਇਤ 21. ਅਹਵਾ ਨਦੀ** (ਜਾਂ ਨਹਿਰ) ਤੇ ਬਿਤਾਇਆ ਗਿਆ ਸਮਾਂ ਸਫ਼ਰ ਦੀ ਤਿਆਰੀ ਦਾ ਸਮਾਂ ਸੀ। ਜੋਜ਼ਫ਼ ਬਲੈਂਕਿਨਸੋਪ ਦਾ ਮੁਲਾਂਕਣ ਹੈ, ''ਮੁਸ਼ਕਿਲ ਸਫ਼ਰ ਲਈ ਤਿਆਰੀ ਵਿਹਾਰਕ ਵੀ ਸੀ ਅਤੇ ਰੂਹਾਨੀ ਵੀ।''[14] ਅਜ਼ਰਾ ਨੇ **ਵਰਤ ਦਾ ਹੋਕਾ ਦੁਆਇਆ** ਤਾਂ ਜੋ ਲੋਕ ਆਪਣੇ ਆਪ ਨੂੰ **ਪਰਮੇਸ਼ੁਰ** ਅੱਗੇ **ਅਧੀਨ** ਕਰ ਸਕਣ। ਰੋਜ਼ੇ ਲਈ ਖਾਣੇ ਦਾ ਤਿਆਗ ਕੀਤਾ ਜਾਂਦਾ ਸੀ। ਇਹ ਦੁਆ ਦੇ ਨਾਲ ਹੁੰਦਾ ਸੀ ਅਤੇ ਆਮ ਤੌਰ ਤੇ ਇਸ ਵਿਚ ਪਾਪ ਦਾ ਇਕਰਾਰ ਕੀਤਾ ਜਾਂਦਾ ਸੀ (ਨਹਮਯਾਹ 9:1, 2; ਬਿਵਸਥਾ ਸਾਰ 9:3)।[15] ਰੋਜ਼ਾ ਰੱਖ ਕੇ ਲੋਕਾਂ ਨੇ **ਸਿੱਧੀ ਰਾਹ** (*derek yesharah*, *ਡੇਹਰੇਕ ਯਿਸ਼ਰਾ*) ਜਾਂ ''ਸੁਰੱਖਿਅਤ ਸਫ਼ਰ'' ਲਈ ਦੁਆ ਕੀਤੀ। ਸਾਫ਼ ਹੈ ਕਿ 7:27, 28 ਦੇ ਮੁਤਾਬਕ ਜਦ ਉਸ ਨੂੰ ਪਤਾ ਲੱਗਾ ਕਿ ਰਾਜੇ ਨੇ ਉਸ ਨੂੰ ਯਰੂਸ਼ਲਮ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਅਜ਼ਰਾ ਨੇ ਸਭ ਤੋਂ ਪਹਿਲਾਂ ਦੁਆ ਹੀ ਕੀਤੀ। ਫਿਰ 8:21 ਦੇ ਮੁਤਾਬਕ ਉਸ ਨੇ ਸਫ਼ਰ ਵਿਚ ਨਿੱਕਲਣ ਤੋਂ ਪਹਿਲਾਂ ਦੁਆ ਕੀਤੀ।

**ਆਇਤ 22.** ਇਸ ਮੌਕੇ ਤੇ ਕੀਤੀਆਂ ਗਈਆਂ ਦੁਆਵਾਂ ਦੇ ਦੋ ਕਾਰਣਾਂ ਦਾ ਸੰਕੇਤ ਮਿਲਦਾ ਹੈ। (1) ਸਫ਼ਰ ਖ਼ਤਰਨਾਕ ਹੋ ਸਕਦਾ ਸੀ, ਕਿਉਂ ਜੋ ਸਫ਼ਰ ਵਿਚ ਉਨ੍ਹਾਂ ਨੂੰ ਚੋਰ ਡਾਕੂਆਂ ਜਿਹੇ **ਵੈਰੀਆਂ** ਦਾ ਸਾਹਮਣਾ ਕਰਨਾ ਪੈ ਸਕਦਾ ਸੀ (ਵੇਖੋ 8:31)। ਉਨ੍ਹਾਂ ਵੱਲੋਂ ਲਿਜਾਏ ਜਾ ਰਹੇ ਖ਼ਜ਼ਾਨਿਆਂ ਉੱਤੇ ਚੋਰਾਂ ਦੀ ਨਜ਼ਰ ਹੋ ਸਕਦੀ ਸੀ। (2) ਉਨ੍ਹਾਂ ਕੋਲ ਕੋਈ ਹੋਰ ਸੁਰੱਖਿਆ ਨਹੀਂ ਸੀ। ਅਜ਼ਰਾ ਨੇ

ਮੰਨਿਆ ਕਿ ਸਫ਼ਰ ਤੇ ਫ਼ਾਰਸੀ ਫ਼ੌਜ ਤੋਂ ਸੁਰੱਖਿਆ **ਲਾਜ ਦੇ ਮਾਰੇ** ਨਹੀਂ ਲਈ ਗਈ ਸੀ ਕਿਉਂ ਜੋ ਉਸ ਨੇ ਐਲਾਨ ਕਰ ਦਿੱਤਾ ਸੀ ਕਿ ਮੁਸਾਫ਼ਿਰਾਂ ਦੇ ਸਫ਼ਰ ਵਿਚ **ਪਰਮੇਸ਼ੁਰ** ਉਨ੍ਹਾਂ ਦੇ ਨਾਲ ਹੋਵੇਗਾ ਅਤੇ ਉਨ੍ਹਾਂ ਦੀ ਰਖਵਾਲੀ ਕਰੇਗਾ। ਇਕ ਹੋਰ ਮੌਕੇ ਤੇ, ਨਹਮਯਾਹ ''ਨੇ ਖ਼ੁਦਾ ਦੀ ਰਹਿਮਦਿਲੀ ਦੇ ਰੂਪ ਵਿਚ ਫ਼ੌਜੀ ਗਾਰਦ ਨੂੰ ਕਬੂਲ ਕਰਕੇ ਬਿਲਕੁਲ ਵੱਖਰੇ ਤਰੀਕੇ ਨਾਲ ਇਸ ਮਾਮਲੇ ਨੂੰ ਵੇਖਣਾ ਸੀ'' (ਨਹਮਯਾਹ 2:7–9)।''[16]

**ਆਇਤ 23.** ਇਸ ਜੱਥੇ ਦੀਆਂ ਦੁਆਵਾਂ ਅਤੇ ਰੋਜ਼ਾ ਬੇਕਾਰ ਨਹੀਂ ਗਏ। ਜਿਵੇਂ ਕਿ ਬਾਕੀ ਦੇ ਅਧਿਆਇ ਤੋਂ ਪਤਾ ਲਗਦਾ ਹੈ **ਪਰਮੇਸ਼ੁਰ** ਨੇ ਉਨ੍ਹਾਂ ਦੀਆਂ ਬੇਨਤੀਆਂ ਸੁਣ ਕੇ ਜਵਾਬ ਦਿੱਤਾ।

## ਹੈਕਲ ਦਾ ਖ਼ਜ਼ਾਨਾ ਯਾਜਕਾਂ ਦੇ ਸਪੁਰਦ ਕੀਤਾ ਗਿਆ (8:24-30)

**[24]ਤਦ ਮੈਂ ਸਰਦਾਰ ਜਾਜਕਾਂ ਵਿੱਚੋਂ ਬਾਰਾਂ ਨੂੰ ਅਰਥਾਤ ਸ਼ੇਰੇਬਯਾਹ, ਹਸ਼ਬਯਾਹ ਤੇ ਓਨ੍ਹਾਂ ਦੇ ਨਾਲ ਓਨ੍ਹਾਂ ਦੇ ਭਰਾਵਾਂ ਵਿੱਚੋਂ ਦਸਾਂ ਨੂੰ ਅੱਡ ਕੀਤਾ [25]ਅਤੇ ਓਨ੍ਹਾਂ ਨੂੰ ਉਹ ਚਾਂਦੀ, ਸੋਨਾ ਤੇ ਭਾਂਡੇ ਅਰਥਾਤ ਉਹ ਭੇਟ ਜੋ ਸਾਡੇ ਪਰਮੇਸ਼ੁਰ ਦੇ ਭਵਨ ਦੇ ਲਈ ਪਾਤਸ਼ਾਹ ਤੇ ਉਹ ਦੇ ਮੰਤਰੀਆਂ ਤੇ ਉਹ ਦੇ ਸਰਦਾਰਾਂ ਤੇ ਸਾਰੇ ਇਸਰਾਏਲ ਨੇ ਜੋ ਉੱਥੇ ਹਾਜ਼ਰ ਸਨ ਅਰਪਣ ਕੀਤੀ ਸੀ ਮੈਂ ਤੋਲ ਦਿੱਤਾ [26]ਅਤੇ ਮੈਂ ਓਨ੍ਹਾਂ ਦੇ ਹੱਥ ਵਿੱਚ ਨੌਂ ਸੌ ਪੰਝੱਤਰ ਮਣ ਚਾਂਦੀ ਅਰ ਡੂਢ ਸੌ ਮਣ ਚਾਂਦੀ ਦੇ ਭਾਂਡੇ ਅਰ ਡੂਢ ਸੌ ਮਣ ਸੋਨਾ ਤੋਲ ਦਿੱਤਾ [27]ਨਾਲੇ ਸੋਨੇ ਦੇ ਵੀਹ ਕਟੋਰਦਾਨ ਜੋ ਹਜ਼ਾਰ ਦਾਰਕਾਂ ਦੇ ਸਨ ਅਤੇ ਚੋਖੇ ਚਮਕਦੇ ਪਿੱਤਲ ਦੇ ਦੋ ਭਾਂਡੇ ਸੋਨੇ ਵਾਂਙੁ ਮਹਿੰਗ ਮੁੱਲੇ [28]ਅਤੇ ਮੈਂ ਓਨ੍ਹਾਂ ਨੂੰ ਆਖਿਆ ਭਈ ਤੁਸੀਂ ਯਹੋਵਾਹ ਲਈ ਪਵਿੱਤ੍ਰ ਹੋਵੋ ਤੇ ਏਹ ਭਾਂਡੇ ਵੀ ਪਵਿੱਤ੍ਰ ਹਨ ਅਤੇ ਇਹ ਚਾਂਦੀ ਤੇ ਸੋਨਾ ਯਹੋਵਾਹ ਤੁਹਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ ਦੇ ਲਈ ਖੁਸ਼ੀ ਦਾ ਚੜ੍ਹਾਵਾ ਹੈ [29]ਚੌਕਸ ਰਹੋ। ਜਦ ਤਾਈਂ ਯਰੂਸ਼ਲਮ ਵਿੱਚ ਜਾਜਕਾਂ ਤੇ ਲੇਵੀਆਂ ਦੇ ਸਰਦਾਰਾਂ ਅਰ ਇਸਰਾਏਲ ਦੇ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ ਦੇ ਸਾਹਮਣੇ ਯਹੋਵਾਹ ਦੇ ਭਵਨ ਦੀਆਂ ਕੋਠੜੀਆਂ ਵਿੱਚ ਉਨ੍ਹਾਂ ਨੂੰ ਤੋਲ ਨਾ ਦਿਓ ਉਨ੍ਹਾਂ ਦੀ ਰਾਖੀ ਕਰਿਓ [30]ਸੋ ਜਾਜਕਾਂ ਤੇ ਲੇਵੀਆਂ ਨੇ ਸੋਨੇ ਤੇ ਚਾਂਦੀ ਤੇ ਭਾਂਡਿਆ ਨੂੰ ਤੋਲ ਕੇ ਲੈ ਲਿਆ ਭਈ ਉਨ੍ਹਾਂ ਨੂੰ ਯਰੂਸ਼ਲਮ ਵਿੱਚ ਸਾਡੇ ਪਰਮੇਸ਼ੁਰ ਦੇ ਭਵਨ ਵਿੱਚ ਪਹੁੰਚਾਉਣ।**

ਅਰਤਹਸ਼ਸ਼ਤਾ ਦੀ ਚਿੱਠੀ ਵਿਚ ਰਾਜੇ ਨੇ ਉਚੇਚੇ ਤੌਰ ਤੇ ਕਿਹਾ ਕਿ ਦਾਨ ਅਜ਼ਰਾ ਨੂੰ ਦਿੱਤੇ ਜਾਣ ਅਤੇ ਯਰੂਸ਼ਲਮ ਵਿਚ ਖ਼ੁਦਾ ਦੀ ਹੈਕਲ ਵਿਚ ਲਿਜਾਏ ਜਾਣ। ਆਇਤਾਂ 24 ਤੋਂ 30 ਵਿਚ ਪਤਾ ਲਗਦਾ ਹੈ ਕਿ ਇਹ ਕੰਮ ਕਿਵੇਂ ਨੇਪਰੇ ਚੜ੍ਹਾਇਆ ਗਿਆ।

**ਆਇਤ 24.** ਅਜ਼ਰਾ ਨੇ **ਸ਼ੇਰੇਬਯਾਹ, ਹਸ਼ਬਯਾਹ ਤੇ ਓਨ੍ਹਾਂ ਦੇ ਨਾਲ ਓਨ੍ਹਾਂ ਦੇ ਭਰਾਵਾਂ** ਨੂੰ ਦਾਨ ਦੀ ਜ਼ਿੰਮੇਵਾਰੀ ਸੌਂਪਣ ਲਈ **ਜਾਜਕਾਂ ਵਿੱਚੋਂ ਬਾਰਾਂ ਨੂੰ ਚੁਣਿਆ।** NIV ਵਿਚ ਕੁੱਲ ਗਿਣਤੀ ਚੌਵ੍ਹੀ ਵਿਖਾਈ ਗਈ ਹੈ: ''ਫਿਰ ਮੈਂ ਸ਼ੇਰੇਬਯਾਹ, ਹਸ਼ਬਯਾਹ ਤੇ ਓਨ੍ਹਾਂ ਦੇ ਦਸ ਭਰਾਵਾਂ ਦੇ ਨਾਲ ਨਾਲ ਪ੍ਰਮੁੱਖ ਯਾਜਕਾਂ ਵਿੱਚੋਂ ਬਾਰਾਂ ਨੂੰ ਅੱਡ ਕੀਤਾ।'' ਇਹ ਬਾਅਦ ਵਾਲੀ ਸ਼ਬਦਾਵਲੀ ਇਸ ਤੱਥ ਨਾਲ ਮੇਲ ਖਾਂਦੀ ਹੈ ਕਿ ਨਹਮਯਾਹ ਦੀ ਕਿਤਾਬ ਦੇ ਨਾਲ ਨਾਲ (ਨਹਮਯਾਹ 8:7, 9; 9:4, 5; 10:9–12; 12:8, 24) 8:18, 19 ਵਿਚ ਸ਼ੇਰੇਬਯਾਹ ਤੇ ਹਸ਼ਬਯਾਹ ਨੂੰ ਲੇਵੀ ਦੱਸਿਆ ਗਿਆ ਹੈ ਨਾ ਕਿ ਯਾਜਕ। ਜੇ NIV ਵੀ ਸਹੀ ਹੈ ਤਾਂ ਬਾਰਾਂ ਯਾਜਕ ਅਤੇ ਬਾਰਾਂ ਲੇਵੀ ਸਨ। ਇਹ ਆਇਤ 30 ਨਾਲ ਮੇਲ ਖਾਂਦਾ ਹੈ ਜੋ ਆਖਦੀ ਹੈ ਕਿ ''ਜਾਜਕਾਂ ਤੇ ਲੇਵੀਆਂ ਨੇ ਸੋਨੇ ਦੇ ਭਾਂਡਿਆਂ ਨੂੰ ਤੋਲ ਕੇ ਲਿਆ।''

**ਆਇਤਾਂ 25-27.** ਫਿਰ ਅਜ਼ਰਾ ਨੇ ਪੂਰਾ ਬਿਉਰਾ ਲਿਖਿਆ ਕਿ **ਪਾਤਸ਼ਾਹ, ਉਹਦੇ ਮੰਤਰੀਆਂ ਤੇ ਉਹਦੇ ਸਰਦਾਰਾਂ** ਵੱਲੋਂ ਯਹੂਦੀਆਂ ਦੀ ਮਨਮਰਜ਼ੀ ਦੀ ਭੇਟ ਵਿਚ ਕੀ ਕੀ ਦਿੱਤਾ ਗਿਆ ਸੀ

(8:25)। ਕੁਲ **ਨੌਂ ਸੌ ਪੰਝੱਤਰ ਮਣ ਚਾਂਦੀ ਅਰ ਡੂਢ ਸੌ ਮਣ ਚਾਂਦੀ ਦੇ ਭਾਂਡੇ ਅਰ ਡੂਢ ਸੌ ਮਣ ਸੋਨਾ ਤੋਲ ਦਿੱਤਾ ਨਾਲੇ ਸੋਨੇ ਦੇ ਵੀਹ ਕਟੋਰਦਾਨ ਜੋ ਹਜ਼ਾਰ ਦਾਰਕਾਂ ਦੇ ਸਨ ਅਤੇ ਚੋਖੇ ਚਮਕਦੇ ਪਿੱਤਲ ਦੇ ਦੋ ਭਾਡੇਂ ਸੋਨੇ ਵਾਂਙੁ ਮਹਿੰਗ ਮੁੱਲੇ** ਸਨ (8:26, 27)। ਐਡਵਿਨ ਐੱਮ. ਯਹੋਚੀ ਦਾ ਕਹਿਣਾ ਹੈ ਕਿ ''ਤੁਲਨਾ ਲਈ, '650 ਤੋੜੇ *[ਨੌਂ ਸੌ ਪੰਝੱਤਰ ਮਣ]* 49,000 ਪੌਂਡ ਦੇ ਬਰਾਬਰ ਜਾਂ 25 ਟਨ ਚਾਂਦੀ ਦੇ ਬਰਾਬਰ ਸਨ। ... '100 ਤੋੜੇ 7,500 ਪੌਂਡ ਦੇ ਬਰਾਬਰ ਸਨ। ਇਹ ਇਕ ਬਹੁਤ ਵੱਡੀ ਰਕਮ ਸੀ ਜੋ ਕਰੋੜਾਂ ਡਾਲਰ ਦੀ ਬਣਦੀ ਸੀ।''[17] ਕੁਝ ਵਿਦਵਾਨਾਂ ਲਈ ਐਨੀ ਵੱਡੀ ਰਕਮ ਨਾ ਮੰਨਣ ਯੋਗ ਲਗ ਸਕਦੀ ਹੈ; ਪਰ ਬਾਬਲ ਵਿਚ ਬਹੁਤ ਸਾਰੇ ਇਸਰਾਏਲੀ ਧਨਵਾਨ ਹੋ ਗਏ ਸਨ ਅਤੇ ਬੇਸ਼ੱਕ ਅਰਤਹਸ਼ਸ਼ਤਾ ਇਕੱਲਾ ਬਹੁਦੇਵਵਾਦੀ ਨਹੀਂ ਸੀ ਜਿਹੜਾ ''ਸੁਰਗੀ ਪਰਮੇਸ਼ੁਰ'' ਦੇ ''ਕ੍ਰੋਧ'' ਨੂੰ ਟਾਲਣਾ ਚਾਹੁੰਦਾ ਸੀ (7:23)।

**ਆਇਤਾਂ 28, 29.** ਅਜ਼ਰਾ ਨੇ ਬਾਰਾਂ ਯਾਜਕਾਂ ਨੂੰ ਖ਼ਜ਼ਾਨੇ ਦੀ ਦੇਖਭਾਲ ਕਰਨ ਅਤੇ ਇਸ ਨੂੰ **ਯਰੂਸ਼ਲਮ ਵਿਚ ਜਾਜਕਾਂ ਅਤੇ ਲੇਵੀਆਂ ਦੇ ਸਰਦਾਰਾਂ** ਦੇ ਸਪੁਰਦ ਕਰਨ ਦਾ ਜ਼ਿੰਮਾ ਦਿੱਤਾ। ਉਸ ਨੇ ਉਨ੍ਹਾਂ ਨੂੰ ਯਾਦ ਦੁਆਇਆ ਕਿ ਉਹ **ਯਹੋਵਾਹ ਲਈ ਪਵਿੱਤਰ** (ਜਾਂ ਅਰਪੇ ਹੋਏ) ਸਨ ਅਤੇ ਉਵੇਂ ਹੀ ਦਾਨ ਵੀ ਸਨ।[18]

**ਆਇਤ 30. ਯਾਜਕਾਂ ਤੇ ਲੇਵੀਆਂ ਨੇ** ਅਜ਼ਰਾ ਦੀ ਚੁਣੌਤੀ ਨੂੰ ਕਬੂਲ ਕਰ ਲਿਆ। ਖ਼ਜ਼ਾਨਾ **ਤੋਲ ਕੇ** ਉਨ੍ਹਾਂ ਦੇ ਹਵਾਲੇ ਕਰ ਦਿੱਤਾ ਗਿਆ। ਜ਼ਾਹਿਰ ਹੈ ਕਿ ਯਹੂਦੀ ਲੋਕ ਉਨ੍ਹਾਂ ਨੂੰ ਫ਼ਾਰਸੀਆਂ ਵੱਲੋਂ ਮਿਲੀਆਂ ਚੀਜ਼ਾਂ ਦਾ ਚੰਗਾ ਹਿਸਾਬ ਕਿਤਾਬ ਰੱਖਦੇ ਸਨ, ਸ਼ਾਇਦ ਇਸ ਕਰਕੇ ਕਿ ਫ਼ਾਰਸੀ ਉਨ੍ਹਾਂ ਤੋਂ ਹਿਸਾਬ ਮੰਗਦੇ ਹੋਣਗੇ। ਅਧਿਆਇ ਵਿਚ ਅੱਗੇ ਦੱਸਿਆ ਗਿਆ ਹੈ ਕਿ ਕਿਵੇਂ ਉਨ੍ਹਾਂ ਨੇ ਅਖ਼ੀਰ ਵਿਚ ਇਸ ਵੱਡੇ ਖ਼ਜ਼ਾਨੇ ਨੂੰ ਹੈਕਲ ਦੇ ਕਰਮਚਾਰੀਆਂ ਨੂੰ ਸੌਂਪ ਦਿੱਤਾ (8:33, 34)।

## ਯਰੂਸ਼ਲਮ ਵਿਚ ਪਹੁੰਚਣਾ (8:31-36)

**31ਫੇਰ ਅਸੀਂ ਪਹਿਲੇ ਮਹੀਨੇ ਦੇ ਬਾਰਹਵੇਂ ਦਿਨ ਯਰੂਸ਼ਲਮ ਨੂੰ ਜਾਣ ਲਈ ਅਹਵਾ ਦੀ ਨਦੀਓਂ ਕੂਚ ਕੀਤਾ ਅਤੇ ਸਾਡੇ ਪਰਮੇਸ਼ੁਰ ਦਾ ਹੱਥ ਸਾਡੇ ਉੱਤੇ ਸੀ ਅਤੇ ਉਸ ਸਾਨੂੰ ਵੈਰੀਆਂ ਅਤੇ ਰਾਹ ਵਿੱਚ ਘਾਤ ਲਾਉਣ ਵਾਲਿਆਂ ਦੇ ਹੱਥੋਂ ਬਚਾਇਆ 32ਅਤੇ ਅਸੀਂ ਯਰੂਸ਼ਲਮ ਵਿੱਚ ਅੱਪੜ ਕੇ ਤਿੰਨ ਦਿਨ ਤਾਈ ਉੱਥੇ ਟਿੱਕੇ ਰਹੇ 33ਅਤੇ ਚੌਥੇ ਦਿਨ ਉਹ ਚਾਂਦੀ ਤੇ ਸੋਨਾ ਦੇ ਭਾਂਡੇ ਸਾਡੇ ਪਰਮੇਸ਼ੁਰ ਦੇ ਭਵਨ ਵਿੱਚ ਤੋਲ ਕੇ ਊਰੀਯਾਹ ਦੇ ਪੁੱਤਰ ਮਰੇਮੋਥ ਦੇ ਹੱਥ ਵਿੱਚ ਦਿੱਤੇ ਗਏ ਤੇ ਉਹ ਦੇ ਨਾਲ ਫੀਨਹਾਸ ਦਾ ਪੁੱਤਰ ਅਲਆਜ਼ਾਰ ਸੀ ਅਰ ਓਨ੍ਹਾਂ ਦੇ ਨਾਲ ਏਹ ਲੇਵੀ ਸਨ - ਯੇਸ਼ੂਆ ਦਾ ਪੁੱਤਰ ਯੋਜ਼ਾਬਾਦ ਅਰ ਬਿੰਨੂਈ ਦਾ ਪੁੱਤਰ ਨੋਅਦਯਾਹ 34ਸੱਭੋ ਵਸਤੂਆਂ ਨੂੰ ਗਿਣ ਕੇ ਤੇ ਤੋਲ ਕੇ ਪੂਰਾ ਤੋਲ ਓਸੇ ਵੇਲੇ ਲਿਖ ਲਿਆ ਗਿਆ 35ਅਸੀਰੀ ਤੋਂ ਮੁੜਿਆਂ ਹੋਇਆਂ ਲੋਕਾਂ ਨੇ ਇਸਰਾਏਲ ਦੇ ਪਰਮੇਸ਼ੁਰ ਦੇ ਲਈ ਹੋਮ ਬਲੀਆਂ ਚੜ੍ਹਾਈਆਂ। ਸਾਰੇ ਇਸਰਾਏਲ ਦੇ ਲਈ ਬਾਰਾਂ ਵਹਿੜੇ ਤੇ ਛਿਆਨਵੇ ਛੱਤ੍ਰੇ ਤੇ ਸਤੱਤਰ ਲੇਲੇ ਅਤੇ ਪਾਪ ਬਲੀ ਦੇ ਲਈ ਬਾਰਾਂ ਬੱਕਰੇ। ਇਹ ਸਭ ਪਰਮੇਸ਼ੁਰ ਦੇ ਲਈ ਹੋਮਬਲੀ ਸੀ 36ਤਦ ਓਨ੍ਹਾਂ ਨੇ ਪਤਸ਼ਾਹ ਦੀਆਂ ਆਗਿਆਂ ਨੂੰ ਪਾਤਸ਼ਾਹ ਦੇ ਦਰਿਆਉਂ ਪਾਰ ਦੇ ਲਾਟਾਂ ਤੇ ਹਾਕਮਾਂ ਨੂੰ ਦੇ ਦਿੱਤਾ ਅਤੇ ਉਨ੍ਹਾਂ ਨੇ ਲੋਕਾਂ ਨੂੰ ਤੇ ਪਰਮੇਸ਼ੁਰ ਦੇ ਭਵਨ ਨੂੰ ਸਹਾਰਾ ਦਿੱਤਾ।**

**ਆਇਤਾਂ 31, 32.** ਅਜ਼ਰਾ ਨੇ ਉਹਦੇ ਅਤੇ ਹੋਰਨਾਂ ਵੱਲੋਂ ਕੀਤੇ ਗਏ ਸਫ਼ਰ ਦੇ ਤੱਥਾਂ ਦਾ ਸਾਰ ਦਿੱਤਾ: (1) ਜਿੱਥੋਂ ਉਹ ਗਏ ਸਨ: **ਅਹਵਾ ਦੀ ਨਦੀਓਂ**; (2) ਜਦ ਉਹ ਗਏ: **ਪਹਿਲੇ ਮਹੀਨੇ ਦੇ ਬਾਰਹਵੇਂ ਦਿਨ**; (3) ਜਿੱਥੇ ਉਹ ਪਹੁੰਚੇ; **ਯਰੂਸ਼ਲਮ**; (4) ਉਹ ਸਫ਼ਲ ਕਿਉਂ ਹੋਏ: ਕਿਉਂ ਜੋ

**ਪਰਮੇਸ਼ੁਰ ਦਾ ਹੱਥ** ਉਨ੍ਹਾਂ **ਉੱਤੇ ਸੀ।** ਬੇਸ਼ੱਕ ਅਜ਼ਰਾ ਅਤੇ ਯਹੂਦੀਆਂ ਨੇ ਉਹੀ ਕੀਤਾ ਜੋ ਸਫ਼ਰ ਸਫ਼ਲਤਾ ਨਾਲ ਪੂਰਾ ਕਰਨ ਲਈ ਉਹ ਕਰ ਸਕਦੇ ਸਨ; ਪਰ ਜਦ ਉਹ ਸੁਰੱਖਿਅਤ ਪਹੁੰਚ ਗਏ ਤਾਂ ਉਨ੍ਹਾਂ ਨੇ ਆਪਣੀ ਸਫ਼ਲਤਾ ਦਾ ਸਿਹਰਾ ਯਹੋਵਾਹ ਨੂੰ ਦਿੱਤਾ। ਉਸ ਨੇ ਉਨ੍ਹਾਂ ਨੂੰ **ਵੈਰੀਆਂ ਅਤੇ ਰਾਹ ਵਿੱਚ ਘਾਤ ਲਾਉਣ ਵਾਲਿਆਂ ਦੇ ਹੱਥੋਂ ਬਚਾਇਆ।**

ਅਜ਼ਰਾ 7:9 ਦੱਸਦਾ ਹੈ ਕਿ ਅਜ਼ਰਾ ''ਪਹਿਲੇ ਮਹੀਨੇ ਦੇ ਪਹਿਲੇ ਦਿਨ'' ਬਾਬਲ ਤੋਂ ਤੁਰਿਆ, ਜਦ ਕਿ ਇਹ ਹਵਾਲਾ ਦੱਸਦਾ ਹੈ ਕਿ ਉਹ ''ਬਾਰ੍ਹਵੇਂ ਦਿਨ'' ਤੁਰੇ। ਕੋਈ ਵਿਰੋਧਾਭਾਸ ਨਹੀਂ ਹੈ। ਉਹ ਅਹਵਾ ਨਦੀ ਤੇ ਜਾਣ ਲਈ ਮਹੀਨੇ ਦੇ ਪਹਿਲੇ ਦਿਨ ਬਾਬਲ ਤੋਂ ਤੁਰੇ ਸਨ ਜਦਕਿ ਮਹੀਨੇ ਦੇ ਬਾਰਵੇਂ ਦਿਨ ਓਹ ਅਹਵਾ ਤੋਂ ਤੁਰੇ ਸਨ। ਗਿਆਰਾਂ ਦਿਨਾਂ ਦਾ ਇਹ ਫ਼ਰਕ ਅਹਵਾ ਵਿਚ ਬਿਤਾਏ ਸਮੇਂ ਦੇ ਨਾਲ ਨਾਲ ਬਾਬਲ ਤੋਂ ਅਹਵਾ ਤਕ ਦੇ ਸਫ਼ਰ ਨੂੰ ਵੀ ਜੋੜਦਾ ਹੈ (ਜਿੱਥੇ ਉਨ੍ਹਾਂ ਨੇ ਸਫ਼ਰ ਦੀ ਤਿਆਰੀ ਕੀਤੀ, ਨਾਲ ਲਿਜਾਣ ਲਈ ਲੇਵੀਆਂ ਦੀ ਭਰਤੀ ਕੀਤੀ ਅਤੇ ਰੋਜ਼ਾ ਰੱਖ ਕੇ ਦੁਆ ਕੀਤੀ)।

ਇਨ੍ਹਾਂ ਆਇਤਾਂ ਵਿਚ ਅਜ਼ਰਾ ਨੇ ਇਹ ਨਹੀਂ ਕਿਹਾ ਕਿ ਉਹ ਯਰੂਸ਼ਲਮ ਕਦੋਂ ਆਏ, ਪਰ 7:9 ਉਨ੍ਹਾਂ ਦਾ ਆਉਣਾ ''ਪਹਿਲੇ ਮਹੀਨੇ ਦੇ ਪਹਿਲੇ ਦਿਨ'' ਦੱਸਦਾ ਹੈ। ਇਸ ਕਰਕੇ ਸਫ਼ਰ ਵਿਚ ਤਕਰੀਬਨ ਚਾਰ ਮਹੀਨੇ (120 ਦਿਨ) ਲਗ ਗਏ। ਅਹਵਾ ਵਿਚ ਬਿਤਾਏ ਗਏ ਸਮੇਂ ਨੂੰ ਕੱਢੇ ਬਿਨਾਂ, ਉਨ੍ਹਾਂ ਨੇ ਇਕ ਦਿਨ ਵਿਚ ਔਸਤਨ $7\frac{1}{2}$ ਸੱਤ ਮੀਲ ਚੱਲ ਕੇ ਤਕਰੀਬਨ 900 ਮੀਲ ਦਾ ਪੈਂਡਾ ਤੈਅ ਕੀਤਾ।

ਯਰੂਸ਼ਲਮ ਪਹੁੰਚਣ ਤੋਂ ਬਾਅਦ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਉਹ **ਤਿੰਨ ਦਿਨ ਤਾਈ ਉੱਥੇ ਟਿੱਕੇ ਰਹੇ** (ਵੇਖੋ ਨਹਮਯਾਹ 2:11)। ਉਨ੍ਹਾਂ ਨੇ ਸ਼ੁਰੂ ਕਰਨ ਤੋਂ ਪਹਿਲਾਂ ਉਹਦੀ ਉਡੀਕ ਕਿਉਂ ਕੀਤੀ? ਇਕ ਸੰਭਾਵਨਾ ਇਹ ਹੈ ਕਿ ਉਹ ਸ਼ੁੱਕਰਵਾਰ ਵਾਲੇ ਦਿਨ ਪਹੁੰਚ ਗਏ, ਅਤੇ ''ਪਵਿੱਤਰ ਦਾਨਾਂ ਦੇ ਦਿੱਤੇ ਜਾਣ ਤੋਂ ਪਹਿਲਾਂ ਸੱਬਤ ਦੇ ਨੇੜੇ ਹੋਣ ਕਰਕੇ ਉਨ੍ਹਾਂ ਨੂੰ ਤਿੰਨ ਦਿਨ ਰੁਕਣਾ ਪਿਆ।''[19] ਇਕ ਹੋਰ ਸੰਭਾਵਨਾ ਇਹ ਹੈ ਕਿ ਲੰਮੇ ਸਫ਼ਰ ਤੋਂ ਬਾਅਦ ਇਹ ਜੱਥਾ ਥੱਕਿਆ ਹੋਇਆ ਸੀ। ਸ਼ਾਇਦ ਉਨ੍ਹਾਂ ਨੇ ਥਕਾਵਟ ਲਾਹੁਣ, ਸਮਾਨ ਸੰਭਾਲਣ ਅਤੇ ਯਾਰਾਂ ਦੋਸਤਾਂ ਨੂੰ ਮਿਲਣ ਵਿਚ ਤਿੰਨ ਦਿਨ ਲਗਾ ਦਿੱਤੇ।

**ਆਇਤਾਂ 33, 34.** ਰਾਜੇ ਦੇ ਆਦੇਸ਼ ਅਤੇ ਅਜ਼ਰਾ ਦੀ ਉਮੀਦ ਦੇ ਮੁਤਾਬਕ ਵਾਪਸ ਆਉਣ ਤੇ ਪਹਿਲੇ ਜ਼ਿੰਮੇਵਾਰੀ ਉਨ੍ਹਾਂ ਵੱਲੋਂ ਲਿਆਂਦੇ ਗਏ ਖ਼ਜ਼ਾਨੇ ਹੈਕਲ ਦੇ ਪ੍ਰਮੁੱਖ **ਜਾਜਕਾਂ** ਅਤੇ **ਲੇਵੀਆਂ** ਦੇ ਸਪੁਰਦ ਕਰਨਾ ਸੀ। **ਚੌਥੇ ਦਿਨ ਉਹ ਚਾਂਦੀ ਤੇ ਸੋਨਾ ਦੇ ਭਾਂਡੇ ਸਾਡੇ ਪਰਮੇਸ਼ੁਰ ਦੇ ਭਵਨ ਵਿੱਚ** ਲਏ ਗਏ। ਇਸ ਸੌਦੇ ਨੂੰ ਬਕਾਇਦਾ ਤੌਰ ਤੇ **ਲਿਖ ਲਿਆ ਗਿਆ**, ਸੰਭਵ ਤੌਰ ਤੇ ਇਸ ਹਿਸਾਬ ਦੀ ਇਕ ਨਕਲ ਰਾਜੇ ਨੂੰ ਘੱਲੀ ਗਈ ਤਾਂ ਜੋ ਉਹ ਨੂੰ ਪਤਾ ਹੋਵੇ ਕਿ ਉਸਦੇ ਹੁਕਮਾਂ ਦੇ ਮੁਤਾਬਕ ਕੀਤਾ ਗਿਆ ਸੀ।[20]

**ਆਇਤ 35.** ਅਧਿਆਇ 9 ਵਿਚ ਉੱਤਮ ਪੁਰਖ ਵੱਲ ਮੁੜਨ ਤੋਂ ਪਹਿਲਾਂ ਦੋ ਆਇਤਾਂ (8:35, 36) ਲਈ ਕਹਾਣੀ ਉੱਤਮ ਪੁਰਖ (''ਮੈਂ'' ਅਤੇ ''ਅਸੀਂ'') ਤੋਂ ਅੱਨਯ ਪੁਰਖ (''ਓਨਾਂ'') ਵਿਚ ਬਦਲ ਗਈ। ਯਕੀਨਨ ਲੇਖਕ ਨੂੰ ਉਹ ਸਭ ਦੀ ਗਿਣਤੀ ਫੇਰ ਤੋਂ ਕਰਕੇ ਜੋ ਵਾਪਸ ਆਉਣ ਵਾਲੇ ਅਸੀਰਾ ਨੇ ਯਰੂਸ਼ਲਮ ਵਿਚ ਪਹੁੰਚਣ ਤੇ ਹੋਰ ਕੁਝ ਕੀਤਾ ਸੀ (ਅਜ਼ਰਾ ਵੱਲੋਂ ਆਪਣੀ ''ਆਪਬੀਤੀ'' ਵਿਚ ਲਿਖੇ ਤੋਂ ਇਲਾਵਾ) ਕਹਾਣੀ ਨੂੰ ਪੂਰਾ ਕਰਨ ਦੀ ਲੋੜ ਸਮਝੀ।[21]

ਹੈਕਲ ਦੇ ਖ਼ਜ਼ਾਨੇ ਸੌਂਪ ਦੇਣ ਦੀ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਤੋਂ ਬਾਅਦ ਅਜ਼ਰਾ ਅਤੇ ਹੋਰ ਵਾਪਸ ਆਉਣ ਵਾਲਿਆਂ ਨੇ **ਪਰਮੇਸ਼ੁਰ** ਅੱਗੇ ਕੁਰਬਾਨੀਆਂ ਚੜ੍ਹਾਉਣੀਆਂ ਸਨ, ਜਿਸ ਨੇ ਉਨ੍ਹਾਂ ਨੂੰ ਸਫ਼ਰ ਦੇ ਖ਼ਤਰਿਆਂ ਵਿੱਚੋਂ ਸੁਰੱਖਿਅਤ ਪਹੁੰਚਾਇਆ ਸੀ। ਇਨ੍ਹਾਂ ਕੁਰਬਾਨੀਆਂ ਵਿਚ **ਹੋਮ ਬਲੀਆਂ** ਅਤੇ **ਪਾਪ ਬਲੀ** ਵੀ ਦਿੱਤੀ ਜਾਣੀ ਸੀ। ''ਹੋਮ ਬਲੀਆਂ ਦੀ ਵਫਾਦਾਰੀ ਦੇ ਅਲਫ਼ ਅਤੇ ਸਮਰਪਣ ਲਈ ਅਤੇ ਪਾਪ ਪ੍ਰਾਸਚਿਤ ਉੱਤੇ ਜ਼ੋਰ ਦੇਣ ਲਈ ਸੀ।''[22] ਇਹ ਦ੍ਰਿਸ਼ ਕਿਤਾਬ ਵਿਚ ਪਹਿਲੇ ਜਸ਼ਨਾਂ ਦੀ ਯਾਦ ਦੁਆਉਂਦਾ ਹੈ (3:3, 4, 10, 11; 6:16, 17)।

**ਆਇਤ 36.** ਅਜ਼ਰਾ ਦੇ ਲੋਕਾਂ ਦੇ ਨਾਲ ਦੇ ਵੱਲੋਂ ਇਕ ਹੋਰ ਕੰਮ ਕੀਤਾ ਗਿਆ ਜਦ **ਓਨ੍ਹਾਂ ਨੇ ਪਤਸ਼ਾਹ ਦੀਆਂ ਆਗਿਆਂ ਨੂੰ ਪਾਤਸ਼ਾਹ ਦੇ ਦਰਿਆਉਂ ਪਾਰ ਦੇ ਲਾਟਾਂ ਤੇ ਹਾਕਮਾਂ ਨੂੰ ਦੇ ਦਿੱਤਾ।** ਇਨ੍ਹਾਂ ਹੁਕਮਾਂ ਦਾ ਨਤੀਜਾ ਇਹ ਹੋਇਆ ਕਿ (ਘੱਟੋ–ਘੱਟ ਇਸ ਸਮੇਂ) ਯਹੂਦੀਆਂ ਦੇ ਗੁਆਂਢੀਆਂ ਨੇ **ਲੋਕਾਂ ਨੂੰ ਤੇ ਪਰਮੇਸ਼ੁਰ ਦੇ ਭਵਨ ਨੂੰ ਸਹਾਰਾ ਦਿੱਤਾ।** ਸਰਕਾਰੀ ਅਧਿਕਾਰੀਆਂ ਨੇ ਖ਼ਜ਼ਾਨੇ ਵਿੰਚੋਂ ਜ਼ਰੂਰੀ ਫ਼ੰਡ ਮੁਹੱਈਆ ਕਰਵਾ ਕੇ ਆਪਣੇ ਸਮਰਥਨ ਨੂੰ ਵਿਖਾਇਆ (ਵੇਖੋ 7:20), ਜਿਸ ਕਰਕੇ ਯਹੂਦੀ ਲੋਕ ਹੈਕਲ ਵਿਚ ਕੁਰਬਾਨੀਆਂ ਦੇ ਸਕੇ ਜਿਵੇਂ ਰਾਜਾ ਅਰਤਹਸ਼ਸ਼ਤਾ ਨੇ ਹੁਕਮ ਦਿੱਤਾ

## ਪ੍ਰਸੰਗਿਕਤਾ

**ਦੁਸ਼ਮਣ ਦੇ ਇਲਾਕੇ ਵਿੱਚੋਂ ਦੀ (ਅਧਿਆਇ 8)**

ਅਜ਼ਰਾ 8 ਦੱਸਦਾ ਹੈ ਕਿ ਅਜ਼ਰਾ ਯਰੂਸ਼ਲਮ ਵਾਪਸ ਕਿਵੇਂ ਆਇਆ। ਪਾਠਕ ਲਈ ਉਸ ਦੇ ਆਉਣ ਦੀ ਗੱਲ ਕੋਈ ਹੈਰਾਨੀ ਕਰਨ ਵਾਲੀ ਨਹੀਂ ਹੈ, ਕਿਉਂ ਜੋ ਅਧਿਆਇ 7 ਵਿਚ ਉਸ ਨੂੰ ਪਹਿਲਾਂ ਹੀ ਇਹ ਜਾਣਕਾਰੀ ਦੇ ਦਿੱਤੀ ਗਈ ਹੈ। ਇਹ ਤਾਂ ਇਵੇਂ ਹੈ ਜਿਵੇਂ ਕਿਤਾਬ ਦੇ ਲੇਖਕ ਨੇ ਅਧਿਆਇ 7 ਵਿਚਲੀਆਂ ਗੱਲਾਂ ਨੂੰ ਸਹਾਰਿਆ ਅਤੇ ਫਿਰ ਇਕ ਤਰ੍ਹਾਂ ਦੇ ਅੰਤਿਕਾ ਜਾਂ ਟਿੱਪਣੀ ਨੂੰ ਕਹਾਣੀ ਵਿਚ ਜੋੜ ਕੇ ਲਿਖ ਦਿੱਤਾ।

ਅਧਿਆਪਕ ਆਮ ਤੌਰ ਤੇ ਗਰਮੀ ਦੀਆਂ ਛੁਟੀਆਂ ਤੋਂ ਬਾਅਦ ਸਕੂਲ ਵਾਪਸ ਆਉਣ ਵਾਲੇ ਬੱਚਿਆਂ ਨੂੰ ''ਮੈਂ ਛੁਟੀਆਂ ਵਿਚ ਕੀ ਕੀਤਾ'' ਤੇ ਲੇਖ ਲਿਖਣ ਲਈ ਆਖਦੇ ਹਨ। ਅਧਿਆਇ 8 ਅਜ਼ਰਾ ਦਾ ''ਮੈਂ ਬਾਬਲ ਤੋਂ ਯਰੂਸ਼ਲਮ ਕਿਵੇਂ ਪੁੱਜਿਆ'' ਉੱਤੇ ਲੇਖ ਹੈ। ਇਹ ਸਿਰਲੇਖ ਹੋ ਸਕਦਾ ਹੈ ਕਿ ਰੋਮਾਂਚਕਾਰੀ ਨਾ ਲੱਗੇ ਪਰ ਇਸ ਸਫਰ ਵਿਚ ਵੱਡੀਆਂ ਮੁਸ਼ਕਿਲਾਂ ਦੇ ਬਾਵਜੂਦ ਪੂਰਾ ਹੋ ਗਿਆ। ਅਸੀਂ ਇਸ ਵੇਰਵੇ ਨੂੰ ਵੱਡੇ ਉੱਦਮ ਦੇ ਲੇਖੇ ਜੋਖੇ ਦੇ ਰੂਪ ਵਿਚ ਵੇਖ ਸਕਦੇ ਹਾਂ।

ਅਸੀਂ ਆਖ ਸਕਦੇ ਹਾਂ ਕਿ ਇਹ ਅਧਿਆਇ ਖ਼ੁਦਾ ਦੇ ਕੁਝ ਲੋਕਾਂ ਦੇ ''ਦੁਸ਼ਮਣ ਦੇ ਇਲਾਕੇ ਦੇ ਵਿੱਚੋਂ ਦੀ ਸੁਰੱਖਿਅਤ ਲੰਘ ਜਾਣ'' ਬਾਰੇ ਦੱਸਦਾ ਹੈ। ਮਸੀਹੀ ਹੋਣ ਦੇ ਨਾਤੇ ਇਕ ਅਰਥ ਵਿਚ ਅਸੀਂ ''ਦੁਸ਼ਮਣ ਦੇ ਇਲਾਕੇ'' ਵਿਚ ਰਹਿੰਦੇ ਹਾਂ ਇਸ ਕਰਕੇ ਸਾਨੂੰ ਅਜ਼ਰਾ ਦੇ ਅਨੁਭਵ ਅਤੇ ਉਸ ਦੇ ਸਾਥ ਤੋਂ ਫ਼ਾਇਦਾ ਮਿਲ ਸਕਦਾ ਹੈ।

ਉਨ੍ਹਾਂ ਨੇ ਆਪਣਾ ਸਫ਼ਰ ਸਫ਼ਲਤਾ ਨਾਲ ਕਿਵੇਂ ਪੂਰਾ ਕੀਤਾ?

*ਉਨ੍ਹਾਂ ਨੇ ਖ਼ਤਰੇ ਨੂੰ ਪਛਾਣਿਆ।* ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਸੁਰੱਖਿਅਤ ਲੰਘਣ ਲਈ ਸਭ ਤੋਂ ਪਹਿਲਾਂ ਇਹ ਪਛਾਣ ਲੈਣਾ ਜ਼ਰੂਰੀ ਹੈ ਕਿ ਇਹ ਦੁਸ਼ਮਣ ਦਾ ਇਲਾਕਾ ਹੈ, ਅਤੇ ਇਸ ਵਿਚ ਖ਼ਤਰਾ ਹੈ। ''ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਲੰਘਣ'' ਦੀ ਅਭਿਵਿਅਕਤੀ ਤੇ ਵਿਚਾਰ ਕਰਦਿਆਂ ਮੈਂ ਸਿਪਾਹੀਆਂ ਦੇ ਉਹਦੇ ਧਿਆਨ ਨਾਲ ਰਿੜ ਰਿੜ ਕੇ ਅਤੇ ਔਖੇ ਹੋ ਹੋ ਕੇ ਜ਼ਮੀਨ ਦੇ ਨਾਲ ਨਾਲ, ਕੰਡਿਆਲੀ ਤਾਰ ਦੇ ਥੱਲਿਉਂ ਦੀ ਆਪਣੇ ਮਕਸਦ ਵੱਲ ਨੂੰ ਬੜੀ ਚੌਕਸੀ ਨਾਲ ਜਾਂਦੇ ਹੋਏ ਸਿਪਾਹੀਆਂ ਵਾਲੀਆਂ ਫ਼ਿਲਮਾਂ ਦੇ ਦ੍ਰਿਸ਼ ਧਿਆਨ ਵਿਚ ਲਿਆਂਉਂਦਾ ਹਾਂ। ਅਜਿਹੇ ਲੋਕ ਬੜੀ ਚੌਕਸੀ ਨਾਲ ਅੱਗੇ ਵਧਦੇ ਹਨ ਕਿਉਂ ਜੋ ਉਨ੍ਹਾਂ ਨੂੰ ਇਹ ਪਤਾ ਹੁੰਦਾ ਹੈ ਕਿ ਉਹ ਖ਼ਤਰੇ ਵਿਚ ਹਨ।

ਯਹੂਦੀਆਂ ਨੂੰ ਵੀ ਇਸ ਗਲ ਦੀ ਸਮਝ ਸੀ ਕਿ ਉਹ ਇਸ ਸਫ਼ਰ ਵਿਚ ਖ਼ਤਰੇ ਵਿਚ ਸਨ। ਉਨ੍ਹਾਂ ਨੇ ''ਸਿੱਧੀ ਰਾਹ'' ਭਾਵ ਸੁਰੱਖਿਅਤ ਸਫ਼ਰ ਲਈ ਦੁਆ ਕੀਤੀ (8:21), ਜੋ ਇਹ ਸੰਕੇਤ ਦਿੰਦਾ ਹੈ ਕਿ ਉਨ੍ਹਾਂ ਦੇ ਸਫ਼ਰ ਵਿਚ ਖ਼ਤਰਾ ਹੋਣਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ''ਵੈਰੀਆਂ'' ਤੋਂ ਬਚਾਉਣ ਲਈ ਖ਼ੁਦਾ ਦੀ ਲੋੜ ਹੈ (8:22)। ਉਨ੍ਹਾਂ ਦੇ ਪਹੁੰਚਣ ਦੇ ਸਬੰਧ ਵਿਚ ਅਜ਼ਰਾ ਨੇ ਲਿਖਿਆ, ''ਫੇਰ ਅਸੀਂ ਪਹਿਲੇ ਮਹੀਨੇ ਦੇ ਬਾਰਹਵੇਂ ਦਿਨ ਯਰੂਸ਼ਲਮ ਨੂੰ ਜਾਣ ਲਈ ਅਹਵਾ ਦੀ ਨਦੀਉਂ ਕੂਚ

ਕੀਤਾ ਅਤੇ ਸਾਡੇ ਪਰਮੇਸ਼ੁਰ ਦਾ ਹੱਥ ਸਾਡੇ ਉੱਤੇ ਸੀ ਅਤੇ ਉਸ ਸਾਨੂੰ ਵੈਰੀਆਂ ਅਤੇ ਰਾਹ ਵਿੱਚ ਘਾਤ ਲਾਉਣ ਵਾਲਿਆਂ ਦੇ ਹੱਥੋਂ ਬਚਾਇਆ'' (8:31)। ਉਨ੍ਹਾਂ ਨੂੰ ਪਤਾ ਸੀ ਕਿ ਸਫ਼ਰ ਵਿਚ ਉਨ੍ਹਾਂ ਨੂੰ ਦੁਸ਼ਮਣ ਦੇ ਘਾਤ ਕਰਕੇ ਹਮਲਾ ਕਰਨ ਦਾ ਅਸਲ ਖ਼ਤਰਾ ਹੋਣਾ ਸੀ।

ਅਸੀਂ ਵੀ ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਲੰਘ ਰਹੇ ਹਾਂ। ਅਸੀਂ ''ਜਗਤ ਦੇ ਨਹੀਂ'' ਹਾਂ (ਯੂਹੰਨਾ 17:14–16)। ਇਸ ਦੁਨੀਆਂ ਵਿਚ ਅਸੀਂ ''ਪਰਦੇਸੀ ਅਤੇ ਮੁਸਾਫਿਰ'' ਹਾਂ (1 ਪਤਰਸ 2:11); ''ਅਸੀਂ ਸੁਰਗ ਦੀ ਪਰਜਾ ਹਾਂ'' (ਫ਼ਿਲਿੱਪੀਆਂ 3:20)। ਅਸੀਂ ਬਿਲਕੁਲ ਸਹੀ ਗਾਉਂਦੇ ਹਾਂ: ''ਇੱਥੇ ਤਾਂ ਅਸੀਂ ਸਫ਼ਰ ਵਿਚ ਮੁਸਾਫਿਰ ਹਾਂ,'' ਅਤੇ ''ਇਹ ਦੁਨੀਆਂ ਮੇਰਾ ਘਰ ਨਹੀਂ; ਮੈਂ ਤਾਂ ਸਿਰਫ਼ [ਇਧਰੋਂ ਦੀ] ਲੰਘ ਰਿਹਾ ਹਾਂ।''[23] ਇਸ ਦੁਨੀਆਂ ਵਿਚ ਸਾਨੂੰ ਹਰ ਵੇਲੇ ਦੁਸ਼ਮਣ ਅਰਥਾਤ ਸ਼ਤਾਨ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਹੜਾ ''ਬੁੱਕਦੇ ਸਿੰਹ ਵਾਂਙੂ ਭਾਲਦਾ ਫਿਰਦਾ ਹੈ ਕਿ ਕਿਹ ਨੂੰ ਪਾੜ ਖਾਵਾਂ'' (1 ਪਤਰਸ 5:8)। ਅਸੀਂ ਅਜਮਾਏ ਜਾਣ ਦੀ ਉਮੀਦ ਕਰ ਸਕਦੇ ਹਾਂ, ਅਤੇ ਅਸੀਂ ਇਹ ਵੀ ਉਮੀਦ ਕਰ ਸਕਦੇ ਹਾਂ ਜਦੋਂ ਅਤੇ ਜਿੱਥੇ ਵੀ ਅਸੀਂ ਸਭ ਤੋਂ ਵੱਧ ਕਮਜ਼ੋਰ ਹੁੰਦੇ ਹਾਂ ਉੱਥੇ ਹੀ ਸਾਡੀ ਅਜ਼ਮਾਇਸ਼ ਹੁੰਦੀ ਹੈ।

ਸ਼ਤਾਨ ਖ਼ਤਰਨਾਕ ਹੈ। ਅਜ਼ਮਾਇਸ਼ ਉਸ ਨਾਲੋਂ ਵੀ ਖ਼ਤਰਨਾਕ ਹੈ। ਕਿਉਂ ਜੋ ਇਹ ਸਾਥੋਂ ਪਾਪ ਕਰਵਾਉਂਦੀ ਹੈ, ਜੋ ਬਰਬਾਦੀ ਦਾ ਕਾਰਣ ਬਣ ਸਕਦਾ ਹੈ (ਯਾਕੂਬ 1:14, 15)। ਪਰ ਸਭ ਤੋਂ ਖ਼ਤਰਨਾਕ ਸਾਡਾ ਇਹ ਮੰਨਣਾ ਹੈ ਕਿ ਅਸੀਂ ਅਜ਼ਮਾਏ ਨਹੀਂ ਜਾਵਾਂਗੇ ਜਾਂ ਅਸੀਂ ਐਨੇ ਕੁ ਮਜ਼ਬੂਤ ਹਾਂ ਕਿ ਸਾਨੂੰ ਅਜ਼ਮਾਇਸ਼ ਦਾ ਕੋਈ ਖ਼ਤਰਾ ਨਹੀਂ ਹੈ। ਪੌਲੁਸ ਨੇ ਲਿਖਿਆ, ''ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ'' (1 ਕੁਰਿੰਥੀਆਂ 10:12)।

ਸਾਨੂੰ ਖ਼ਤਰੇ ਨੂੰ ਪਛਾਣਨਾ ਜ਼ਰੂਰੀ ਹੈ ਕਿਉਂ ਜੋ ਸਾਡਾ ਦੁਸ਼ਮਣ ਜੀਉਂਦਾ ਹੈ ਅਤੇ ਭਲਾ ਚੰਗਾ ਹੈ ਅਤੇ ਜਿੱਥੋਂ ਤਕ ਹੋ ਸਕੇ ਉਹ ਸਾਨੂੰ ਨਿੱਜੀ ਤੌਰ ਤੇ ਅਤੇ ਕਲੀਸੀਆ ਦੇ ਤੌਰ ਤੇ ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨ ਤੋਂ ਰੋਕਣ ਲਈ ਆਪਣੀ ਪੂਰੀ ਵਾਹ ਲਾਵੇਗਾ। ਸਾਨੂੰ ਇਸ ਸੰਭਾਵਨਾ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਜ਼ਰੂਰੀ ਹੈ ਕਿ ਅਸੀਂ ਉਹਦੀਆਂ ਅਜ਼ਮਾਇਸ਼ਾਂ ਵਿਚ ਫਸ ਸਕਦੇ ਹਾਂ।

*ਉਹ ਸੰਗਠਿਤ ਹੋਏ।* ਜੇ ਤੁਸੀਂ ਸਿਪਾਹੀਆਂ ਦੀ ਕੰਪਨੀ ਦੇ ਇੰਚਾਰਜ ਹੋਵੋ ਜਿਹੜੀ ਦੁਸ਼ਮਣ ਦੇ ਇਲਾਕੇ ਵਿੱਚੋਂ ਲੰਘ ਰਹੀ ਹੋਵੇ ਤਾਂ ਤੁਹਾਡੇ ਲਈ ਸਭ ਤੋਂ ਪਹਿਲਾ ਕੰਮ ਆਪਣੀ ਕੰਪਨੀ ਨੂੰ ਸੰਗਠਿਤ ਕਰਨ ਦਾ ਹੋਵੇਗਾ। ਖਿੱਲਰੀ ਹੋਈ ਫ਼ੌਜ ਨੂੰ ਦੁਸ਼ਮਣ ਦਾ ਹਮਲਾ ਹੋਣ ਤੇ ਬਚਣ ਦੀ ਬਹੁਤ ਘੱਟ ਉਮੀਦ ਹੁੰਦੀ ਹੈ। ਅਜ਼ਰਾ ਨੂੰ ਇਸ ਦਾ ਪਤਾ ਸੀ ਇਸ ਕਰਕੇ ਉਸ ਨੇ ਆਪਣੇ ਜੱਥੇ ਨੂੰ ਸੰਗਠਿਤ ਕਰਨਾ ਯਕੀਨੀ ਬਣਾਇਆ।

ਸਭ ਤੋਂ ਪਹਿਲਾਂ ਉਸ ਨੇ ਇਹ ਤੈਅ ਕੀਤਾ ਕਿ ਜੱਥੇ ਵਿਚ ਕੌਣ ਹੈ। ਉਸ ਨੇ ਰਸਮੀ ਗਿਣਤੀ ਕੀਤੀ ਅਤੇ ਦੱਸਿਆ, ''ਮੈਂ ਲੋਕਾਂ ਤੇ ਜਾਜਕਾਂ ਵਿੱਚ ਵੇਖਿਆ ਪਰ ਲੇਵੀਆਂ ਵਿੱਚੋਂ ਮੈਨੂੰ ਉੱਥੇ ਕੋਈ ਨਾ ਲੱਭਾ'' (8:15)। ਅਧਿਆਇ ਦੀਆਂ ਪਹਿਲੀਆਂ ਚੌਦਾਂ ਆਇਤਾਂ ਉਨ੍ਹਾਂ ਨਾਵਾਂ ਨੂੰ ਦੱਸਦੀਆਂ ਹਨ ਜਿਹੜੇ ਉੱਥੇ ਮਿਲੀ – ''ਅਰਤਹਸ਼ਸ਼ਤਾ ਪਾਤਸ਼ਾਹ ਦੇ ਰਾਜ ਵਿੱਚ ਜੋ ਲੋਕ ਮੇਰੇ ਨਾਲ ਬਾਬਲ ਤੋਂ ਨਿੱਕਲੇ ਉਨ੍ਹਾਂ ਦੇ ਪਿਉ ਦਾਦਿਆਂ ਦੇ ਘਰਾਣਿਆਂ ਦੇ ਮੁਖੀਏ ਏਹ ਹਨ ਅਤੇ ਉਨ੍ਹਾਂ ਦੀ ਕੁਲਪੱਤ੍ਰੀ ਏਹ ਹੈ'' (8:1)। ਯਹੂਦੀਆਂ ਦੇ ਆਗੂਆਂ ਦੇ ਨਾਵਾਂ ਦੀ ਸੂਚੀ ਵਿਚ ਅਗਲੇ ਹਿੱਸੇ ਵਿਚ ਉਹ ਲੋਕ ਹਨ ਜਿਹੜੇ ਅਜ਼ਰਾ ਦੇ ਨਾਲ ਅਰੰਭ ਅਤੇ ਉਹ ਵੀ ਸਨ ਜਿਹੜੇ ਸਫ਼ਰ ਵਿਚ ਉਨ੍ਹਾਂ ਦੇ ਨਾਲ ਸਨ। ਵਾਪਸ ਆਉਣ ਦਾ ਸੱਦਾ ਸਾਰਿਆਂ ਨੂੰ ਦਿੱਤਾ ਗਿਆ (7:13)। ਅਜ਼ਰਾ ਨੂੰ ਕਦੋਂ ਅਤੇ ਕਿਵੇਂ ਪਤਾ ਲੱਗਾ ਕਿ ਉਸ ਸੱਦੇ ਨੂੰ ਕਿਸ–ਕਿਸ ਨੇ ਕਬੂਲ ਕੀਤਾ ਹੈ? ਇਹ ਮੰਨਣਾ ਤਰਕਸੰਗਤ ਲਗਦਾ ਹੈ ਕਿ ਅਹਵਾ ਵਿਚਲੇ ਇਨ੍ਹਾਂ ਪਹਿਲੇ ਤਿੰਨ ਦਿਨਾਂ ਦੌਰਾਨ। ਉਸ ਨੇ ਲੋਕਾਂ ਦੀ ਗਿਣਤੀ ਕੀਤੀ ਅਤੇ ਉਨ੍ਹਾਂ

ਦੀਆਂ ਕੁਲਪੱਤਰੀਆਂ ਦਾ ਪਤਾ ਲਾਇਆ; ਇਸੇ ਨਾਲ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਵਿਚ ਕੋਈ ਲੇਵੀ ਨਹੀਂ ਹੈ (8:15)।

ਫਿਰ ਉਹ ਨੇ ਇਹ ਵੇਖਿਆ ਕਿ ਕਿਹੜੇ ਕਿਹੜੇ ਯੋਗ ਬੰਦੇ ਉਸ ਜੱਥੇ ਵਿਚ ਨਹੀਂ ਹਨ। ਉਹ ਨੂੰ ਹੈਕਲ ਦੀ ਸੇਵਾ ਵਿਚ ਲੇਵੀਆਂ ਦੀ ਲੋੜ ਸੀ। ਉਨ੍ਹਾਂ ਨੂੰ ਹਾਸਿਲ ਕਰਨ ਲਈ ਉਸ ਨੇ ਯਹੂਦੀਆਂ ਦੇ ਕੁਝ ''ਮੁਖੀਆਂ'' ''ਸਿਆਣਿਆਂ'' ਨੂੰ ਨੇੜੇ ਦੀ ਕਿਸੇ ਥਾਂ ਵਿਚ ''ਮੁਖੀਏ'' ਕੋਲ ਘੱਲਿਆ। ਮਿਲ ਕੇ ਉਨ੍ਹਾਂ ਨੇ ਅਜ਼ਰਾ ਦਾ ਸਾਥ ਬਣਨ ਲਈ ਕਈ ਲੇਵੀ ਅਤੇ ਨਥੀਨੀਮਾ ਦੀ ਭਰਤੀ ਕਰਨ ਵਿਚ ਸਫ਼ਲ ਹੋ ਗਏ (8:16–20)।

ਅਖ਼ੀਰ ਵਿਚ ਸੰਗਠਨ ਦੀ ਆਪਣੀ ਯੋਜਨਾ ਦੇ ਹਿੱਸੇ ਵਿਚ ਅਜ਼ਰਾ ਨੇ ''ਯਾਜਕਾਂ ਤੇ ਲੇਵੀਆਂ'' ਨੂੰ ਖ਼ਾਸ ਜ਼ਿੰਮੇਵਾਰੀ ਦਿੱਤੀ (8:30)। ਉਸ ਨੇ ''ਉਨ੍ਹਾਂ ਨੂੰ ਵੱਡੀ ਭੇਟ ਦੇ ਇੰਚਾਰਜ ਬਣਾਇਆ ਜਿਹੜੀ ਅਜ਼ਰਾ ਦੇ ਨਾਲ ਦੇ ਲੋਕ ਯਰੂਸ਼ਲਮ ਵਿਚ ਹੈਕਲ ਵਿਚ ਲਿਜਾ ਰਹੇ ਸਨ। ਅਧਿਆਇ ਸਾਨੂੰ ਦੱਸਦਾ ਹੈ ਕਿ ਉਨ੍ਹਾਂ ਨੇ ਇਸ ਕੰਮ ਨੂੰ ਸਵੀਕਾਰ ਕੀਤਾ ਅਤੇ ਅਖ਼ੀਰ ਵਿਚ ਯਰੂਸ਼ਲਮ ਵਿਚ ਹੈਕਲ ਦੇ ਆਗੂਆਂ ਵਿਚ ਪੇਸ਼ ਕਰਨ ਵਿਚ ਸਫ਼ਲ ਹੋਏ (8:33, 34)। ਇਸ ਮੌਕੇ ਤੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਧਿਆਨ ਵਿਚ ਰੱਖਣ ਤੇ ਇਹ ਲੋਕ ਈਮਾਨਦਾਰ ਅਤੇ ਭਰੋਸੇ ਦੇ ਯੋਗ ਹਨ ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਨੂੰ ਦਿੱਤਾ ਗਿਆ ਕੰਮ ਸਿਰੇ ਚਾੜ੍ਹਿਆ।

ਭਲਾ ਅਸੀਂ ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਆਪਣੇ ਸਫ਼ਰ ਲਈ ਸੰਗਠਨ ਲਈ ਅਜ਼ਰਾ ਦੀ ਚਿੰਤਾ ਨੂੰ ਲਾਗੂ ਕਰ ਸਕਦੇ ਹਾਂ? ਇਸ ਹਵਾਲੇ ਦੀ ਸਭ ਤੋਂ ਵਧੀਆ ਪ੍ਰਾਸੰਗਿਕਤਾ ਕਲੀਸੀਆ ਲਈ ਬਣਾਈ ਜਾ ਸਕਦੀ ਹੈ, ਜੋ ਵਿਰੋਧ ਕਰਨ ਵਾਲੇ ਸੰਸਾਰ ਵਿਚ ਕੰਮ ਕਰਦੀ ਹੈ। ਜਿਸ ਨੂੰ ਸਾਡੇ ਵਿਰੋਧੀ ਵੱਲੋਂ ਲਗਾਤਾਰ ਅਜ਼ਮਾਇਆ ਜਾਂਦਾ ਹੈ ਅਤੇ ਉਸ ਨੂੰ ਆਮ ਤੌਰ ਤੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਅਸੀਂ ਘੱਟੋ–ਘੱਟ ਇਨ੍ਹਾਂ ਤਰੀਕਿਆਂ ਨਾਲ ਆਪਣੀਆਂ ਕੋਸ਼ਿਸ਼ਾਂ ਨੂੰ ਸੰਗਠਿਤ ਕਰ ਲਈਏ ਤਾਂ ਇਕ ਮੰਡਲੀ ਦੇ ਤੌਰ ਤੇ ਬੇਹਤਰ ਕਰਾਂਗੇ।

1. ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਅਸੀਂ ਕੌਣ ਹਾਂ; ਇਹ ਪਤਾ ਲਾਉਣ ਲਈ ਕਿ ਬੰਦਗੀ ਵਿਚ ਕੌਣ ਹਾਜਿਰ ਹੈ ਅਤੇ ਕੌਣ ਨਹੀਂ ਸਾਨੂੰ ਆਪਣੇ ਲੋਕਾਂ ਦੀ ਗਿਣਤੀ ਕਰਨੀ ਚਾਹੀਦੀ ਹੈ। ਐਲਡਰਾਂ ਦੀ ਸਭ ਤੋਂ ਪਹਿਲੀ ਚਿੰਤਾ ਇਹੀ ਹੋਣੀ ਚਾਹੀਦੀ ਹੈ ਜੋ ਸਾਡੇ ਚਰਵਾਹੇ ਹਨ।

2. ਸਾਨੂੰ ਉਨ੍ਹਾਂ ਦੀ ਭਾਲ ਕਰਨੀ ਚਾਹੀਦੀ ਹੈ। ਜਿਨ੍ਹਾਂ ਨੂੰ ਖ਼ੁਦਾ ਵੱਲੋਂ ਆਪਣੇ ਕੰਮ ਕਰਨ ਲਈ ਖ਼ਾਸ ਤੋੜੇ ਦਿੱਤੇ ਗਏ ਹਨ ਜਿਸ ਨਾਲ ਸਾਨੂੰ ਖ਼ੁਦਾ ਦੀ ਵਡਿਆਈ ਵਿਚ ਵਧਣ ਲਈ ਮਦਦ ਮਿਲੇ।

3. ਫਿਰ ਸਾਨੂੰ ਉਨ੍ਹਾਂ ਦਾਨ ਪ੍ਰਾਪਤ ਲੋਕਾਂ ਨੂੰ ਕੰਮ ਤੇ ਲਾ ਦੇਣਾ ਚਾਹੀਦਾ ਹੈ, ਇਹ ਦੱਸਦੇ ਹੋਏ ਕਿ ਜਿਹੜਾ ਕੰਮ ਉਨ੍ਹਾਂ ਨੂੰ ਕਰਨ ਲਈ ਕਿਹਾ ਗਿਆ ਹੈ ਉਸ ਵਿਚ ਉਨ੍ਹਾਂ ਦੀ ਕੀ ਭੂਮਿਕਾ ਹੈ ਅਤੇ ਉਨ੍ਹਾਂ ਦੀ ਕੀ ਜਵਾਬਦੇਹੀ ਹੈ। ਈਮਾਨਦਾਰ, ਭਰੋਸੇ ਦੇ ਯੋਗ, ਕਾਰੀਗਰ ਲੋਕ ਸਾਨੂੰ ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਸੁਰੱਖਿਅਤ ਲੰਘਣ ਵਿਚ ਮਦਦ ਕਰਨਗੇ।

*ਉਨ੍ਹਾਂ ਨੇ ਖ਼ੁਦਾ ਅੱਗੇ ਦੁਆ ਕੀਤੀ ਅਤੇ ਉਸ ਉੱਤੇ ਨਿਰਭਰ ਰਹੇ।* ਅਜ਼ਰਾ ਨੇ ਸਫ਼ਰ ਦੇ ਸੁਰੱਖਿਅਤ ਹੋਣ ਨੂੰ ਯਕੀਨੀ ਬਣਾਉਣ ਲਈ ਜੋ ਵੀ ਉਹ ਕਰ ਸਕਦਾ ਸੀ ਕੀਤਾ। ਜਦ ਉਸ ਨੇ ਖ਼ਤਰੇ ਦਾ ਹਿਸਾਬ ਲਾਇਆ ਅਤੇ ਆਪਣੀਆਂ ਫ਼ੌਜਾਂ ਨੂੰ ਸੰਗਠਿਤ ਕੀਤਾ ਤਾਂ ਉਸ ਨੇ ਖ਼ੁਦਾ ਦੇ ਹੱਥ ਵਿਚ ਦੇ ਦਿੱਤਾ:

> ਤਦ ਮੈਂ ਉੱਥੇ ਅਹਵਾ ਨਦੀ ਤੇ ਵਰਤ ਦਾ ਹੋਕਾ ਦਵਾਇਆ ਤਾਂ ਜੋ ਅਸੀਂ ਆਪਣੇ ਪਰਮੇਸ਼ੁਰ ਦੇ ਸਨਮੁਖ ਅਧੀਨ ਹੋ ਕੇ ਆਪਣੇ ਲਈ ਤੇ ਆਪਣੇ ਨਿਆਣਿਆਂ ਲਈ ਤੇ ਆਪਣੇ ਸਾਰੇ ਮਾਲ ਦੇ ਲਈ ਉਸ ਤੋਂ ਸਿੱਧੀ ਰਾਹ ਮੰਗੀਏ ਕਿਉਂ ਜੋ ਮੈਂ ਲਾਜ ਦੇ ਮਾਰੇ ਪਾਤਸ਼ਾਹ ਤੋਂ ਸਿਪਾਹੀਆਂ ਦੇ ਜੱਥੇ ਤੇ ਸਵਾਰ ਨਾ ਮੰਗੇ ਭਈ ਰਾਹ ਵਿੱਚ ਵੈਰੀਆਂ ਦੇ ਵਿੱਰੁਧ ਸਾਡੀ ਸਹਾਇਤਾ ਕਰਨ ਏਸ ਲਈ ਕਿ ਅਸੀਂ ਪਾਤਸ਼ਾਹ ਤੋਂ ਸਿਪਾਹੀਆਂ ਦੇ ਜੱਥੇ ਤੇ ਸਵਾਰ ਨਾ ਮੰਗੇ ਭਈ ਰਾਹ ਵਿੱਚ

> ਵੈਰੀਆਂ ਦੇ ਵਿੱਰੁਧ ਸਾਡੀ ਸਹਾਇਤਾ ਕਰਨ ਏਸ ਲਈ ਕਿ ਅਸੀਂ ਪਾਤਸ਼ਾਹ ਨੂੰ ਆਖਿਆ ਸੀ ਭਈ ਸਾਡੇ ਪਰਮੇਸ਼ੁਰ ਦਾ ਹੱਥ ਭਲਿਆਈ ਦੇ ਲਈ ਉਨ੍ਹਾਂ ਸਾਰਿਆਂ ਦੇ ਨਾਲ ਹੈ ਜੋ ਉਹ ਦੇ ਤਾਲਬ ਹਨ ਪਰ ਉਹ ਦਾ ਬਲ ਤੇ ਕ੍ਰੋਧ ਉਨ੍ਹਾਂ ਸਾਰਿਆਂ ਦੇ ਵਿਰੁੱਧ ਹੈ ਜੋ ਉਹ ਨੂੰ ਤਿਆਗ ਦਿੰਦੇ ਹਨ ਸੋ ਅਸੀਂ ਵਰਤ ਰੱਖ ਕੇ ਏਸ ਗੱਲ ਦੇ ਲਈ ਪਰਮੇਸ਼ੁਰ ਦੇ ਤਰਲੇ ਕੀਤੇ ਅਤੇ ਉਹ ਨੇ ਸਾਡੀ ਸੁਣੀ (8:21–23)।

ਅਜ਼ਰਾ ਨੇ ਕਿਹਾ ਕਿ ਉਨ੍ਹਾਂ ਨੇ ਰਾਜੇ ਦੀ ਮਦਦ ਨਹੀਂ ਮੰਗੀ ਕਿਉਂ ਜੋ ਅਜਿਹਾ ਕਰਨ ਤੋਂ ਝਿਝਕਦੇ ਸਨ। ਉਨ੍ਹਾਂ ਨੇ ਰਾਜੇ ਨੂੰ ਦੱਸਿਆ ਸੀ ਕਿ ਜੇ ਉਹ ਖ਼ੁਦਾ ਦੀ ਮਰਜ਼ੀ ਪੂਰੀ ਕਰਦੇ ਹਨ ਤਾਂ ਉਸ ਨੇ ਉਨ੍ਹਾਂ ਨੂੰ ਬਰਕਤ ਦੇਣੀ ਸੀ (8:22)। ਇਸ ਵਿਚ ਸ਼ੱਕ ਹੈ ਕਿ ਇੱਥੇ ਅਜ਼ਰਾ ਦਾ ਰਵੱਈਆ ਸਾਡੇ ਲਈ ਵਧੀਆ ਮਿਸਾਲ ਦੇਣ ਲਈ ਹੈ ਜਾਂ ਨਹੀਂ। ਕੁਝ ਸਾਲਾਂ ਬਾਅਦ ਜਦ ਨਹਮਯਾਹ ਵਾਪਸ ਆਇਆ ਤਾਂ ਉਸ ਦੀ ਸੁਰੱਖਿਆ ਰਾਜੇ ਦੀ ਫ਼ੌਜ ਦੇ ਕੁਝ ਲੋਕਾਂ ਵੱਲੋਂ ਕੀਤੀ ਗਈ (ਨਹਮਯਾਹ 2:9)। ਨਵੇਂ ਨੇਮ ਵਿਚ ਪੌਲੁਸ ਨੇ ਕਈ ਵਾਰ ਆਪਣੀ ਜਾਨ ਬਚਾਉਣ ਲਈ ਆਪਣੇ ਰੋਮੀ ਸ਼ਹਿਰੀ ਹੋਣ ਦੀ ਵਰਤੋਂ ਕੀਤੀ। ਸਾਨੂੰ ਅਜ਼ਰਾ ਦੀ ਮਿਸਾਲ ਤੋਂ ਇਹ ਸਿੱਖਣ ਦੀ ਲੋੜ ਹੈ ਕਿ ਖ਼ੁਦਾ ਦੇ ਲੋਕਾਂ ਨੂੰ ਇਸ ਗੱਲ ਦੀ ਲੋੜ ਹੈ ਕਿ ਰਾਜੇ ਦੀ ਸੁਰੱਖਿਆ ਨਾਲੋਂ ਖ਼ੁਦਾ ਦੀ ਮਦਦ ਦੀ ਬਹੁਤੀ ਲੋੜ ਹੈ।

ਇਸ ਤੋਂ ਇਲਾਵਾ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਖ਼ੁਦਾ ਲਈ ਜੋ ਵੀ ਕਰਨਾ ਚਾਹੀਏ ਉਹ ਸਿਰਫ਼ ਤਦੇ ਪੂਰਾ ਹੋਵੇਗਾ ਜੇ ਉਹ ਸਾਡੇ ਵੱਲ ਹੈ। ਬਿਨਾਂ ਖ਼ੁਦਾ ਦੇ ਅਸੀਂ ਕੁਝ ਨਹੀਂ ਹਾਂ ਅਤੇ ਨਾ ਕੁਝ ਕਰ ਸਕਦੇ ਹਾਂ। ਖ਼ੁਦਾ ਲਈ ''ਕੁਝ ਨਾਮੁਮਕਿਨ ਨਹੀਂ'' (ਲੂਕਾ 1:37); ਉਹ ''ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਜਾਂ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ'' (ਅਫ਼ਸੀਆਂ 3:20)।

ਅੱਜ ਪ੍ਰਭੂ ਲਈ ਕੀਤੇ ਜਾਣ ਵਾਲੇ ਸਾਡੇ ਕੰਮ ਲਈ ਇਸ ਵਿੱਚੋਂ ਕੀ ਸੁਝਾਅ ਮਿਲਦਾ ਹੈ? ''ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਲੰਘਦੇ'' ਹੋਏ ਸਾਡੇ ਲਈ ਜ਼ਰੂਰੀ ਹੈ ਕਿ ਆਪਣੇ ਦੁਸ਼ਮਣਾਂ ਉੱਤੇ ਫ਼ਤਿਹ ਪਾਉਣ ਲਈ ਅਸੀਂ ਜੋ ਕੁਝ ਅਸੀਂ ਕਰ ਸਕਦੇ ਹਾਂ ਉਹ ਕਰੀਏ। ਕਿਸੇ ਨੇ ਕਿਹਾ ਹੈ, ''ਸਾਨੂੰ ਕੰਮ ਇਵੇਂ ਕਰਨਾ ਚਾਹੀਦਾ ਹੈ ਜਿਵੇਂ ਸਭ ਕੁਝ ਸਾਡੇ ਉੱਤੇ ਨਿਰਭਰ ਹੈ ਅਤੇ ਦੁਆ ਇਵੇਂ ਕਰਨੀ ਚਾਹੀਦੀ ਹੈ ਜਿਵੇਂ ਸਭ ਕੁਝ ਖ਼ੁਦਾ ਤੇ ਨਿਰਭਰ ਹੈ।'' ਇਵੇਂ ਹੀ ਹੈ!

ਮਸੀਹੀ ਲੋਕ ਦੁਆ ਕਰਕੇ ਆਤਮਿਕ ਜੰਗ ਲਈ ਤਿਆਰੀ ਕਰਦੇ ਹਨ! ਜੇ ਤੁਹਾਨੂੰ ਪਤਾ ਹੋਵੇ ਕਿ ਤੁਹਾਡੇ ਸਾਹਮਣੇ ਦੁਸ਼ਮਣ ਆਉਣ ਵਾਲਾ ਹੈ ਤਾਂ ਕੀ ਤੁਸੀਂ ਦੁਆ ਕਰੋਗੇ? ਜੇ ਕਲੀਸੀਆ ਕਿਸੇ ਕੰਮ ਨੂੰ ਕਰਨਾ ਸ਼ੁਰੂ ਕਰਦੀ ਹੈ ਜਿਸ ਨਾਲ ਪ੍ਰਭੂ ਲਈ ਜਿੱਤ ਮਿਲ ਸਕਦੀ ਹੈ, ਤਾਂ ਕੀ ਕਲੀਸੀਆ ਦੁਆ ਕਰਦੀ ਹੈ? ਅਸੀਂ ਅਜ਼ਰਾ ਦੀ ਬਿਲਕੁਲ ਉਹੀ ਮਿਸਾਲ ਲੈ ਸਕਦੇ ਹਾਂ ਕਿ ਉਸ ਨੇ ''ਵਰਤ ਦਾ ਹੋਕਾ ਦੁਆਇਆ'' ਤਾਂ ਜੋ ਲੋਕ ''ਆਪਣੇ ਪਰਮੇਸ਼ੁਰ ਦੇ ਸਨਮੁੱਖ ਅਧੀਨ ਹੋ'' ਸਕਣ (8:21)। ਜੇ ਅਸੀਂ ਦੁਆ ਲਈ ਖ਼ਾਸ ਸਮਾਂ ਵੱਖ ਕਰ ਦਈਏ, ਤਾਂ ਯਕੀਨਨ ਅਸੀਂ ਉਵੇਂ ਹੀ ਕਹਾਂਗੇ ਜਿਵੇਂ ਅਜ਼ਰਾ ਨੇ ਕਿਹਾ ਸੀ, ''ਉਹ ਨੇ ਸਾਡੀ ਸੁਣੀ'' (8:23; ਵੇਖੋ 8:31)।

*ਉਨ੍ਹਾਂ ਨੇ ਖ਼ੁਦਾ ਦੀ ਵਡਿਆਈ ਕੀਤੀ।* ਇਹ ਅਧਿਆਇ ਸਫ਼ਰ ਦੇ ਸਫ਼ਲਤਾ ਨਾਲ ਪੂਰਾ ਹੋਣ ਤੇ ਮੁੱਕਦਾ ਹੈ:

> ਫੇਰ ਅਸੀਂ ਪਹਿਲੇ ਮਹੀਨੇ ਦੇ ਬਾਰਹਵੇਂ ਦਿਨ ਯਰੂਸ਼ਲਮ ਨੂੰ ਜਾਣ ਲਈ ਅਹਵਾ ਦੀ ਨਦੀਓਂ ਕੂਚ ਕੀਤਾ ਅਤੇ ਸਾਡੇ ਪਰਮੇਸ਼ੁਰ ਦਾ ਹੱਥ ਸਾਡੇ ਉੱਤੇ ਸੀ ਅਤੇ ਉਸ ਸਾਨੂੰ ਵੈਰੀਆਂ ਅਤੇ ਰਾਹ ਵਿੱਚ ਘਾਤ ਲਾਉਣ ਵਾਲਿਆਂ ਦੇ ਹੱਥੋਂ ਬਚਾਇਆ ਅਤੇ ਅਸੀਂ ਯਰੂਸ਼ਲਮ ਵਿੱਚ ਅੱਪੜ ਕੇ ਤਿੰਨ ਦਿਨ ਤਾਈਂ ਉੱਥੇ ਟਿਕੇ ਰਹੇ (8:31, 32)।

ਖ਼ੁਦਾ ਨੇ ਉਨ੍ਹਾਂ ਨੂੰ ਫ਼ਤਹਿ ਦਵਾਈ ਸੀ, ਉਵੇਂ ਹੀ ਜਿਵੇਂ ਸੱਠ ਸਾਲ ਪਹਿਲਾਂ, ਖ਼ੁਦਾ ਨੇ ਹੈਕਲ ਦੀ ਉਸਾਰੀ ਸੰਭਵ ਬਣਾ ਕੇ ਯਹੂਦੀਆਂ ਨੂੰ ਫ਼ਤਹਿ ਦਿੱਤੀ ਸੀ!

ਫਿਰ, ''ਅਸੀਰੀ ਤੋਂ ਮੁੜਿਆਂ ਹੋਇਆਂ ਲੋਕਾਂ ਨੇ ਇਸਰਾਏਲ ਦੇ ਪਰਮੇਸ਼ੁਰ ਦੇ ਲਈ ਹੋਮ ਬਲੀਆਂ ਚੜ੍ਹਾਈਆਂ। ਸਾਰੇ ਇਸਰਾਏਲ ਦੇ ਲਈ ਬਾਰਾਂ ਵਹਿੜੇ ਤੇ ਛਿਆਨਵੇ ਛੱਤ੍ਰੇ ਤੇ ਸਤੱਤਰ ਲੇਲੇ ਅਤੇ ਪਾਪ ਬਲੀ ਦੇ ਲਈ ਬਾਰਾਂ ਬੱਕਰੇ। ਇਹ ਸਭ ਪਰਮੇਸ਼ੁਰ ਦੇ ਲਈ ਹੋਮਬਲੀ ਸੀ'' (8:35)। ਵਾਪਸ ਆਉਣ ਵਾਲੇ ਯਹੂਦੀਆਂ ਦਾ ਫੌਰੀ ਜਵਾਬ ਯਹੋਵਾਹ ਅੱਗੇ ਭੇਂਟ ਚੜ੍ਹਾਉਣਾ ਸੀ। ਅਜਿਹਾ ਲਗਦਾ ਹੈ ਕਿ ਇਹ ਭੇਟ ਦੋਸ਼ ਦੀਆਂ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਸਬੰਧਿਤ ਸੀ, ਕਿਉਂ ਜੋ ਲਿਖਤ ''ਪਾਪ ਬਲੀ'' ਦੀ ਗੱਲ ਕਰਦੀ ਹੈ। ਇਹ ਵੀ ਹੋ ਸਕਦਾ ਹੈ ਕਿ ਭੇਟ ਖ਼ੁਦਾ ਵੱਲੋਂ ਸਫ਼ਲਤਾ ਨਾਲ ਸਫ਼ਰ ਪੂਰਾ ਕਰਵਾਉਣ ਲਈ ਸ਼ੁਕਰਗੁਜ਼ਾਰੀ ਦੀ ਉਨ੍ਹਾਂ ਦੀ ਡੂੰਘੀ ਭਾਵਨਾ ਨਾਲ ਦਿੱਤੀ ਗਈ।

ਇਹਦਾ ਮਤਲਬ ਇਹ ਹੋਇਆ ਕਿ ਖ਼ੁਦਾ ਦਾ ਕੰਮ ਇਵੇਂ ਕੀਤਾ ਜਾਣਾ ਚਾਹੀਦਾ ਹੈ: ਇਹ ਦੁਆ ਨਾਲ ਸ਼ੁਰੂ ਹੋਵੇ ਅਤੇ ਵਡਿਆਈ ਨਾਲ ਖ਼ਤਮ ਹੋਵੇ। ਅਸੀਂ ਸ਼ੁਰੂਆਤ ਖ਼ੁਦਾ ਤੋਂ ਮਦਦ ਮੰਗਣ ਨਾਲ ਕਰਦੇ ਹਾਂ ਅਤੇ ਅੰਤ ਖ਼ੁਦਾ ਨੂੰ ਸ਼ੁਕਰਗੁਜ਼ਾਰੀ ਦੇਣ ਨਾਲ। ਉਸ ਮਸੀਹੀ ਨਾਲੋਂ ਜਿਹਨੂੰ ਕਾਮਯਾਬੀ ਦੀ ਬਰਕਤ ਮਿਲੀ ਹੈ ਪਰ ਉਹ ਉਸ ਦੀ ਸ਼ੁਕਰਗੁਜ਼ਾਰੀ ਕਰਨ ਵਿਚ ਢਿੱਲ ਕਰਦਾ ਹੈ ਜਿਹੜਾ ਹਰ ਚੰਗੀ ਅਤੇ ਉੱਤਮ ਦਾਤ ਦਾ ਦੇਣ ਵਾਲਾ ਹੈ, ਕੋਈ ਮੋਟੇ ਦਿਮਾਗ ਦਾ ਨਹੀਂ ਹੋ ਸਕਦਾ (ਯਾਕੂਬ 1:17)।

*ਸਾਰ।* ਅਸੀਂ ''ਦੁਸ਼ਮਣ ਦੇ ਇਲਾਕੇ'' ਵਿਚ ਰਹਿੰਦੇ ਹਾਂ। ਸਾਡੇ ਪੂਰੇ ਕਰਨ ਲਈ ਟੀਚੇ, ਪਹੁੰਚਣ ਲਈ ਮਕਸਦ, ਚੜ੍ਹਨ ਲਈ ਪਹਾੜ, ਅਤੇ ਪੂਰਾ ਕਰਨ ਲਈ ਸਫ਼ਰ ਹੈ। ਸਾਡਾ ਕੰਮ ਰੂਹਾਂ ਨੂੰ ਬਚਾਉਣਾ, ਕਲੀਸੀਆ ਦੀ ਤਰੱਕੀ ਅਤੇ ਖ਼ੁਦਾ ਦੀ ਵਡਿਆਈ ਕਰਨਾ ਹੈ। ਕੰਮ ਨੂੰ ਸਫ਼ਲਤਾ ਨਾਲ ਕੀਤੇ ਜਾਣ ਲਈ ਬਹੁਤ ਸਾਰੀਆਂ ਗਲਾਂ ਕਰਨੀਆਂ ਜ਼ਰੂਰੀ ਹਨ ਅਤੇ ਬਹੁਤ ਸਾਰੀਆਂ ਗੱਲਾਂ ਗਲਤ ਹੋ ਸਕਦੀਆਂ ਹਨ। ਸਾਡਾ ਦੁਸ਼ਮਣ, ਸ਼ਤਾਨ ਇਸ ਤਲਾਸ਼ ਵਿਚ ਰਹਿੰਦਾ ਹੈ ਕਿ ਕਿਵੇਂ ਸਾਨੂੰ ਮਾਤ ਦਵੇ। ਅਤੇ ਅਸੀਂ ਉਸ ਦੇ ਇਲਾਕੇ ਵਿਚ ਕੰਮ ਕਰ ਰਹੇ ਹਾਂ!

ਮਾਤ ਤੋਂ ਬਚਣ, ਇਵੇਂ ਸਫ਼ਲ ਹੋਣ ਲਈ ਕਿ ਅਸੀਂ ਪ੍ਰਭੂ ਦੇ ਕੰਮ ਨੂੰ ਵਧਾ ਕੇ ਖ਼ੁਦਾ ਨੂੰ ਵਡਿਆਈ ਦੇ ਸਕੀਏ, ਅਸੀਂ ਕੀ ਕਰ ਸਕਦੇ ਹਾਂ। ਪਹਿਲਾਂ ਤਾਂ ਸਾਨੂੰ ਦੁਸ਼ਮਣ ਦੇ ਇਸ ਇਲਾਕੇ ਵਿੱਚੋਂ ਦੀ ਲੰਘਦੇ ਹੋਏ ਉਸ ਖ਼ਤਰੇ ਨੂੰ ਪਛਾਣਨਾ ਜ਼ਰੂਰੀ ਹੈ ਜਿਸ ਵਿਚ ਅਸੀਂ ਹਾਂ। ਦੂਜਾ, ਸਾਨੂੰ ਯੋਜਨਾ ਬਣਾਉਣੀ ਅਤੇ ਤਿਆਰੀ ਕਰਨੀ ਅਤੇ ਸੰਗਠਿਤ ਹੋਣਾ ਜ਼ਰੂਰੀ ਹੈ, ਤਾਂ ਜੋ ਸਾਡਾ ਦੁਸ਼ਮਣ ਸਾਨੂੰ ਜੋ ਕੁਝ ਅਸੀਂ ਖ਼ੁਦਾ ਲਈ ਕਰਨਾ ਚਾਹੁੰਦੇ ਹਾਂ ਉਹ ਕਰਨ ਤੋਂ ਰੋਕ ਨਾ ਸਕੇ। ਤੀਜਾ, ਸਫ਼ਲਤਾ ਹਾਸਿਲ ਕਰਨ ਲਈ ਜੋ ਕੁਝ ਵੀ ਅਸੀਂ ਕਰ ਸਕੀਏ ਜਦ ਅਸੀਂ ਉਹ ਕਰ ਰਹੇ ਹੁੰਦੇ ਹਾਂ, ਤਾਂ ਅਸੀਂ ਖ਼ੁਦਾ ਅੱਗੇ ਦੁਆ ਕਰਕੇ ਫ਼ਤਹਿ ਲਈ ਉਸ ਉੱਤੇ ਨਿਰਭਰ ਹੋ ਸਕਦੇ ਹਾਂ। ਸਾਡੇ ਸਾਹਮਣੇ ਆਉਣ ਵਾਲੇ ਕਿਸੇ ਵੀ ਖ਼ਤਰੇ ਵਿੱਚੋਂ ਸਾਨੂੰ ਸੁਰੱਖਿਅਤ ਸਿਰਫ਼ ਉਹੀ ਕੱਢ ਸਕਦਾ ਹੈ। ਅਖ਼ੀਰ ਵਿਚ ਜਦ ਉਹ ਸਾਨੂੰ ਫ਼ਤਹਿ ਦੁਆ ਦਵੇ ਤਾਂ ਸਾਨੂੰ ਉਹ ਨੂੰ ਵਡਿਆਈ ਦੇਣ ਲਈ ਉਹ ਨੂੰ ਯਾਦ ਕਰਨਾ ਜ਼ਰੂਰੀ ਹੈ!

**ਸਫ਼ਰ ਦੀਆਂ ਮੇਹਰਾਂ** (8:21)

ਅਜ਼ਰਾ ਨੇ ਆਪਣੇ ਲਈ ਅਤੇ ਉਨ੍ਹਾਂ ਲਈ ਜਿਹੜੇ ਉਹਦੇ ਨਾਲ ਸਨ, ''ਆਪਣੇ ਨਿਆਣਿਆਂ'' ਸਣੇ ਆਖਦਿਆਂ ''ਸੁਰੱਖਿਅਤ ਸਫ਼ਰ'' ਲਈ ਦੁਆ ਕੀਤੀ (8:21)। ਸਫ਼ਰ ਕਰਨ ਲੱਗਿਆਂ ਸਾਨੂੰ ਉਸ ਦੀ ਮਿਸਾਲ ਅਪਨਾਉਣੀ ਚਾਹੀਦੀ ਹੈ।

ਜਦ ਮੈਂ ਅਜੇ ਕਾਲਜ ਵਿਚ ਹੀ ਸਾਂ, ਤਦ ਮੈਂ ਕਨੇਡਾ ਦੇ ਕਾਰਮਨ, ਮਨੀਟੋਬਾ ਦੀ ਕਲੀਸੀਆ ਲਈ ਗਰਮੀਆਂ ਦੇ ਮੌਸਮ ਵਿਚ ਪ੍ਰਚਾਰ ਕੀਤਾ। ਮੈਨੂੰ ਯਾਦ ਆਉਂਦਾ ਹੈ ਕਿ ਉੱਥੇ ਭਾਈਆਂ ਨੇ ਸਫ਼ਰ ਤੇ ਜਾਣ ਵਾਲਿਆਂ ਲਈ ਪ੍ਰਭੂ ਤੋਂ ''ਸਫ਼ਰ ਦੀ ਮੇਹਰ'' ਲਈ ਕਿਹਾ। ਇਸ ਇਜ਼ਹਾਰ ਨੂੰ ਮੈਂ ਉਦੋਂ

ਪਹਿਲੀ ਵਾਰ ਸੁਣਿਆ ਅਤੇ ਇਹ ਅੱਜ ਤਕ ਮੇਰੇ ਦਿਮਾਗ ਵਿਚ ਹੈ।

ਸਫ਼ਰ ਕਰਦਿਆਂ ਸਾਨੂੰ ਸਾਰਿਆਂ ਨੂੰ ''ਸਫ਼ਰ ਦੀਆਂ ਮੇਹਰਾਂ'' ਦੀ ਲੋੜ ਹੁੰਦੀ ਹੈ। ਬਹੁਤ ਸਾਰੀਆਂ ਚੀਜ਼ਾਂ ਗਲਤ ਹੋ ਸਕਦੀਆਂ ਸਨ! ਸਾਨੂੰ ਆਪਣੀ ਮੰਜਿਲ ਤੇ ਸੁਰੱਖਿਅਤ ਪਹੁੰਚਾਉਣ ਲਈ ਖ਼ੁਦਾ ਦੀ ਬਰਕਤ ਅਤੇ ਸੁਰੱਖਿਆ ਤੇ ਨਿਰਭਰ ਰਹਿਣਾ ਜ਼ਰੂਰੀ ਹੈ।

ਜਦ ਅਸੀਂ ਸੁਰੱਖਿਅਤ ਪਹੁੰਚ ਜਾਂਦੇ ਹਾਂ ਤਾਂ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਅਸੀਂ ਸਿਰਫ਼ ਪ੍ਰਭੂ ਦੀ ਸੰਭਾਲ ਅਤੇ ਸੁਰੱਖਿਆ ਦੇ ਕਾਰਣ ਹੀ ਸੁਰੱਖਿਅਤ ਹਾਂ। ਸਾਨੂੰ ਚਾਹੀਦਾ ਹੈ ਕਿ ਅਸੀਂ ''ਸਫ਼ਰ ਦੀ ਮੇਹਰ'' ਕਰਨ ਲਈ ਉਸ ਨੂੰ ਧੰਨਵਾਦ ਕਹੀਏ।

ਇਹ ਵਿਚਾਰ ਵੱਡੇ ਪੱਧਰ ਤੇ ਲਾਗੂ ਹੋ ਸਕਦਾ ਹੈ। ਜਨਮ ਤੋਂ ਲੈ ਕੇ ਕਬਰ ਤਕ ਜਾਂ ਹੋਰ ਸਟੀਕ ਢੰਗ ਨਾਲ ਕਹੀਏ ਤਾਂ ਜਨਮ ਤੋਂ ਕਬਰ ਤਕ ਅਤੇ ਫਿਰ ਅਨਾਦੀਕਾਲ ਤਕ ਜ਼ਿੰਦਗੀ ਸਫ਼ਰ ਹੈ। ਉਸ ਇਲਾਕੇ ਵਿੱਚੋਂ ਦੀ ਸਫ਼ਲਤਾ ਨਾਲ ਨਿੱਕਲਣ ਅਤੇ ਉਸ ਥਾਂ ਪਹੁੰਚਣ ਲਈ ਵੀ ਜਿੱਥੇ ਅਸੀਂ ਅਨਾਦੀਕਾਲ ਤਕ ਰਹਿਣਾ ਚਾਹੁੰਦੇ ਹਾਂ ''ਸਫ਼ਰ ਦੀਆਂ ਮੇਹਰਾਂ'' ਜ਼ਰੂਰੀ ਹਨ। ਸਾਨੂੰ ਹਰ ਰੋਜ਼ ਇਹ ਦੁਆ ਕਰਨੀ ਚਾਹੀਦੀ ਹੈ ਕਿ ਖ਼ੁਦਾ ਸਾਨੂੰ ਇਸ ਜ਼ਿੰਦਗੀ ਦੇ ਖ਼ਤਰਿਆਂ ਅਤੇ ਮੁਸ਼ਕਿਲਾਂ ਵਿੱਚੋਂ ਸੁਰੱਖਿਅਤ ਕੱਢੇ। ਸਾਨੂੰ ਚਾਹੀਦਾ ਹੈ ਕਿ ਉਸਨੂੰ ਕਹੀਏ ਕਿ ਸਾਨੂੰ ਪਾਪ ਤੋਂ ਦੂਰ ਰੱਖੇ ਅਤੇ ਆਪਣੀ ''ਕਿਰਪਾ ਨਾਲ'' (ਅਫ਼ਸੀਆਂ 2:8, 9) ਸੁਰਗ ਵਿਚ ਆਪਣੇ ਨਾਲ ਘਰ ਦਏ। ਸੁਰਗੀ ਨਿਵਾਸ ਸਥਾਨ ਤੇ ਸੁਰੱਖਿਅਤ ਪਹੁੰਚਣ ਤੇ ਅਸੀਂ ਆਪਣੀ ਜ਼ਿੰਦਗੀ ਦੌਰਾਨ ਉਸ ਦੀ ਮੇਹਰ ਲਈ ਸ਼ੁਕਰਗੁਜ਼ਾਰੀ ਅਤੇ ਉਸ ਦੀ ਵਡਿਆਈ ਕਰ ਸਕਦੇ ਹਾਂ।

---

ਟਿੱਪਣੀਆਂ

[1]ਬੇਸ਼ੱਕ, ਮੂਲ ਹੱਥ ਲਿਖਤ ਵਿਚ ਅਧਿਆਇਆਂ ਦੀ ਵੰਡ ਨਹੀਂ ਹੋਈ ਸੀ, ਇਸ ਕਰਕੇ ਮੁੱਢਲੇ ਪਾਠਕਾਂ ਨੇ ਵਿਚਾਰ ਦੇ ਰੁਕਣ ਦੀ ਕਲਪਨਾ ਨਹੀਂ ਕੀਤੀ ਹੋਵੇਗੀ। [2]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਡਾਉਨਰਜ਼ ਗ੍ਰੋਵ, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1979), 64. [3]ਅਲਆਜ਼ਾਰ ਅਤੇ ਈਥਾਮਾਰ ਤਰਤੀਬ ਅਨੁਸਾਰ ਹਾਰੂਨ ਦੇ ਤੀਜੇ ਅਤੇ ਚੌਥੇ ਪੁੱਤਰ ਸਨ। ਉਨ੍ਹਾਂ ਦੇ ਵੱਡੇ ਭਰਾ ਨਾਦਾਬ ਅਤੇ ਅਬੀਹੂ ਸਨ (ਕੂਚ 6:23; ਵੇਖੋ ਲੇਵੀਆਂ 10:1, 2, 12)। [4]ਰੁਬਨ ਰੈਜ਼ਲੈਫ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀਃ ਕਾਲਜ ਪ੍ਰੈੱਸ, 1979), 93–64. [5]ਜੇਕਬ ਐੱਮ. ਮਾਇਰਸ, *ਅਜ਼ਰਾ, ਨਹੇਮਯਾਹ*, ਦ ਐਂਕਰ ਬਾਈਬਲ, ਅੰਕ. 14 (ਗਾਰਡਨ ਸਿਟੀ, ਨਿਊ ਯਾਰਕਃ ਡਬਲਡੇਅ ਐਂਡ ਕੰ., 1965), 70. [6]ਅਜ਼ਰਾ 2; 8; 10 ਦੀਆਂ ਵਿਚਲੀਆਂ ਲਿਸਟਾਂ ਅਤੇ ਨਹਮਯਾਹ 7; 10 ਨਾਲ ਮੇਲ ਖਾਂਦੀਆਂ ਲਿਸਟਾਂ ਦੀ ਤੁਲਨਾ ਦੇ ਟੇਬਲ ਲਈ, ਵੇਖੋ ਉੱਥੇ ਹੀ, 69. [7]ਉੱਥੇ ਹੀ, 70. [8]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਅੰਕ. 16 (ਵਾਕੋ, ਟੈਕਸਸਃ ਵਰਡ ਬੁਕਸ, 1985), 110; *ਦ ਪੁਲਪਿਟ ਕਮੈਂਟਰੀ*, ਅੰਕ. 7, *ਅਜ਼ਰਾ, ਨਹਮਯਾਹ, ਅਸਤਰ ਐਂਡ ਅੱਯੂਬ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਡਬਲਯੂ.ਐੱਮ. ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., ਮਿਤੀ ਨਹੀਂ), 122 ਵਿਚ ਜੀ. ਰਾਵਲਿੰਸਨ, ''ਅਜ਼ਰਾ।'' [9]ਇਕ ਸੁਝਾਅ ਇਹ ਹੈ ਕਿ ਅਜ਼ਰਾ ਨੇ ਆਪਣੇ ਸਫ਼ਰ ਨੂੰ ਦੂਜੇ ਕੂਚ ਦੇ ਰੂਪ ਵਿਚ ਵੇਖਿਆ; ਉਸ ਦੇ ਜੱਥੇ ਲਈ ਸੰਕੇਤਕ ਤੌਰ ਤੇ ਮਿਸਰ ਵਿੱਚੋਂ ਨਿੱਕਲਣ ਵਾਲੇ ਜੱਥੇ ਨਾਲ ਮੇਲ ਖਾਣ ਲਈ, ਤਾਂ ਇਸ ਵਿਚ ਕਈ ਲੇਵੀ ਸ਼ਾਮਿਲ ਹੋਣੇ ਜ਼ਰੂਰੀ ਸਨ (ਵੇਖੋ ਗਿਣਤੀ 10:11–28)। (*ਨਿਊ ਬਾਈਬਲ ਕਮੈਂਟਰੀਃ 21 ਸੈਂਚੁਰੀ ਐਡਿਸ਼ਨ*, ਸੰਪਾ. ਡੀ. ਏ. ਕਾਰਸਨ [ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਿਟੀ ਪ੍ਰੈੱਸ, 1994], 431 ਵਿਚ ਐੱਚ. ਜੀ. ਐੱਮ. ਵਿਲੀਅਮਸਨ, ''ਅਜ਼ਰਾ ਐਂਡ ਨਹਮਯਾਹ।'') [10]ਕੀਥ ਐਨ.

ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 109.

[11]ਉੱਥੇ ਹੀ, 110. [12]ਵਿਲੀਅਮਸਨ, *ਅਜ਼ਰਾ, ਨਹਮਯਾਹ*, 117. [13]1,758 ਦਾ ਕੁੱਲ ਜੋੜ 38 ਲੇਵੀਆਂ, 220 ਨਥੀਨੀਮਾਂ (ਹੈਕਲ ਦੇ ਸੇਵਾਦਾਰਾਂ) ਅਤੇ 1,500 ਬੰਦਿਆਂ ਨੂੰ ਮਿਲਾ ਕੇ ਬਣਦਾ ਹੈ (8:3–14 ਤੇ ਟਿੱਪਣੀਆਂ ਵੇਖੋ)। [14]ਜੋਜ਼ਫ਼ ਬਲੈਂਕਿਨਸੌਪ, *ਅਜ਼ਰਾ–ਨਹਮਯਾਹ*, ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1988), 168. [15]ਉੱਥੇ ਹੀ। [16]ਪਿਟਨਰ, 66. ਪਿਟਨਰ ਨੇ ਜੋੜਿਆ, ''ਦੋਵੇਂ *[ਅਜ਼ਰਾ ਅਤੇ ਨਹਮਯਾਹ ਦੇ ਰਵੱਈਏ]* ਵਿਸ਼ਵਾਸ ਦੇ ਰਵੱਈਏ ਸਨ ਅਤੇ ਹਰੇਕ ਨੇ ਆਪੋ ਆਪਣੇ ਢੰਗ ਨਾਲ (ਰੋਮੀਆਂ 14:6 ਵਿਚਲੇ ਬਦਲਾਂ ਵਾਂਗ) ਖ਼ੁਦਾ ਨੂੰ ਸਵੀਕਾਰ ਯੋਗ ਆਦਰ ਦਿੱਤਾ'' (ਉੱਥੇ ਹੀ)। ਰੁਬਨ ਰੈਜ਼ਲੈਫ਼ ਇਸ ਗੱਲ ਤੇ ਹੈਰਾਨ ਸੀ ਕਿ ਅਜ਼ਰਾ ਨੇ ਰੁੱਖਾ ਬੋਲਿਆ ਹੋਵੇਗਾ ਅਤੇ ਫਿਰ ਆਪਣੀ ਗੁਸਤਾਖ਼ੀ ਲਈ ਸ਼ਰਮਿੰਦਾ ਹੋਇਆ ਹੋਵੇਗਾ। ਫਿਰ ਵੀ ਬਾਅਦ ਵਿਚ ਉਸ ਨੇ ਨਿਚੋੜ ਕੱਢਿਆ ਕਿ ਸਾਫ਼ ਤੌਰ ਤੇ ਅਜ਼ਰਾ ਨੇ ਮਨੁੱਖੀ ਸਹਾਇਤਾ ਦੀ ਥਾਂ ਖ਼ੁਦਾ ਦੀ ਸੁਰੱਖਿਆ ਵਿਚ ਵਧੇਰੇ ਭਰੋਸਾ ਕੀਤਾ। (ਰੈਜ਼ਲੈਫ਼ ਐਂਡ ਬਟਲਰ, 97.) ਸ਼ੋਵਿੱਲ ਨੇ ਲਿਖਿਆ ਕਿ ''ਅਜ਼ਰਾ ਦੇ ਫ਼ੈਸਲੇ ਅਤੇ ਉਸ ਦੀ ਵਿਆਖਿਆ ਤੋਂ ਉਸ ਦੇ ਡੂੰਘੇ ਵਿਸ਼ਵਾਸ ਅਤੇ ਖ਼ੁਦਾ ਉੱਤੇ ਨਿਰਭਰਤਾ ਦੀ ਇਕ ਹੋਰ ਸਮਝ ਮਿਲਦੀ ਹੈ'' (ਸ਼ੋਵਿੱਲ, 112)। [17]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ. 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 660 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'' [18]ਖ਼ੁਦਾ ਪਵਿੱਤਰ ਹੈ, ਇਸ ਕਰਕੇ ਉਸ ਨੂੰ ਅਰਪਿਆ ਕੋਈ ਵੀ ਵਿਅਕਤੀ ਜਾਂ ਵਸਤੂ ਵੀ ਪਵਿੱਤਰ ਹੈ। ਉਸ ਦੀ ਪਵਿੱਤਰਤਾਈ ਖ਼ਾਸ ਤੌਰ ਤੇ ਯਾਜਕਾਂ (ਕੂਚ 29:1; 30:30; 39:30; ਲੇਵੀਆਂ 21:6), ਲੇਵੀ (ਗਿਣਤੀ 3:12, 13), ਅਤੇ ਡੇਰੇ ਅਤੇ ਇਸ ਦੇ ਸਮਾਨ (ਕੂਚ 29:36; 30:22–29; 40:9) ਤੇ ਲਾਗੂ ਹੁੰਦੀ ਹੈ। ਇਸ ਮੌਕੇ ਤੇ ਯਹੋਵਾਹ ਨੂੰ ਅਰਪੇ ਗਏ ਦਾਨਾਂ ਨੂੰ ਉਵੇਂ ਹੀ ਵੇਖਿਆ ਜਾਂਦਾ ਸੀ। (ਵਿਲੀਅਮਸਨ, *ਅਜ਼ਰਾ, ਨਹਮਯਾਹ*, 119.) [19]ਮਾਇਰਸ, 72. [20]ਯਾਮੋਚੀ, 661.

[21]ਦੋ ਆਇਤਾਂ ਦਾ ਅੱਨਯ ਪੁਰਸ਼ (8:35, 36) ਹੋਣਾ 7:1–10 ਦੇ ਵੇਰਵੇ ਦੇ ਚੱਲਦੇ ਰਹਿਣ ਦੇ ਰੂਪ ਵਿਚ ਮੰਨਿਆ ਜਾ ਸਕਦਾ ਹੈ ਅਤੇ 9:1 ਨੂੰ 8:34 ਵਿਚ ਅਜ਼ਰਾ ਵੱਲੋਂ ਦੱਸੀ ਜਾਣ ਵਾਲੀ ਕਹਾਣੀ ਦੇ ਜਾਰੀ ਰਹਿਣ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। [22]ਕਿਡਨਰ, 67. [23]ਆਈ. ਐਨ. ਕਾਰਮਨ, ''ਹੇਅਰ ਵੀ ਆਰ ਬਟ ਸਟ੍ਰੇਇੰਗ ਪਿਲਗ੍ਰਿਮਜ਼,'' ਅਤੇ ਐਲਬਰਟ ਈ. ਬ੍ਰਮਿਲੇ, ''ਦਿਸ ਵਰਲਡ ਇਜ਼ ਨਾਟ ਮਾਈ ਹੋਮ,'' *ਸੌਂਗਜ਼ ਆਫ਼ ਦ ਚਰਚ*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1977)।